# ਅਧਿਆਇ 22

# ਅੰਤਿਮ ਚੇਤਾਵਨੀ

ਪਰਕਾਸ਼ ਦੀ ਪੋਥੀ ਦੇ ਆਖਰੀ ਅਧਿਆਇ ਦੇ ਵਿਸ਼ੇ ਵਿਚ ਸਾਡੀਆਂ ਟਿੱਪਣੀਆਂ ਨੂੰ ਸ਼ੁਰੂ ਕਰਨ ਦੇ ਲਈ ਇਨ੍ਹਾਂ ਸ਼ਬਦਾਂ ਨਾਲੋਂ ਜ਼ਿਆਦਾ ਬੇਹਤਰ ਸ਼ਬਦ ਨਹੀਂ ਹੋ ਸਕਦੇ ਹਨ, ਜੋ ਐਲਬਰਟ ਬਲਡਿੰਜਰ ਤੋਂ ਲਏ ਗਏ ਹਨ:

> ਹੁਣ ਅਸੀਂ ਇੱਕ ਲੰਬੇ ਅਤੇ ਔਖੇ ਰਾਹ ਦੀ ਯਾਤਰਾ ਕੀਤੀ ਹੈ ਜਿਸ ਨੇ ਸਾਨੂੰ . . . ਇੱਕ "ਉੱਚੇ ਪਹਾੜ" ਉੱਤੇ ਲਿਆਂਦਾ ਹੈ . . . ਜਿੱਥੇ ਸਾਨੂੰ ਇੱਕ ਮਹਿਮਾਵਾਨ ਦੇਸ਼ ਦੇ ਵਿਸ਼ੇ ਵਿਚ ਇੱਕ ਪੰਛੀ ਦਾ ਦ੍ਰਿਸ਼ਟੀਕੋਣ ਦਿੱਤਾ ਗਿਆ ਹੈ। ਸਾਡੇ ਪਿੱਛੇ "ਕਿਆਮਤ ਦੇ ਚਾਰ ਘੋੜਿਆਂ" ਦੀਆਂ ਲਾਸ਼ਾਂ, ਖਤਮ ਹੋ ਚੁੱਕੇ ਜਵਾਲਾਮੁਖੀ ਦੀ ਸੁਆਹ, ਬੀਤ ਚੁੱਕੇ ਜ਼ੋਰਦਾਰ ਤੂਫ਼ਾਨਾਂ ਦਾ ਮਲਬਾ, ਦੁਨਿਆਵੀ ਭੁਚਾਲਾਂ ਦਾ ਮਲਬਾ, ਰਹੱਸਵਾਦੀ [ਬਾਬੁਲ] ਅਤੇ ਨਾਸਤਿਕ ਸਾਮਰਾਜਾਂ ਦੇ ਖੰਡਰ ਪਏ ਹੋਏ ਹਨ। ਪਾਪ ਅਤੇ ਬੁਰਾਈ ਅਤੇ ਮਨੁੱਖੀ ਜਨੂੰਨ ਨੇ ਆਪਣੇ ਸਭ ਤੋਂ ਭੈੜੇ ਕੰਮ ਕੀਤੇ ਹਨ। ਹਰਮਗਿੱਦੋਨ ਦਾ ਅੰਤ ਹੋ ਗਿਆ ਹੈ। ਪਰਮੇਸ਼ੁਰ ਦਾ ਲੇਲਾ ਹਰ ਥਾਂ ਜੇਤੂ ਹੈ। ਹੋਰ ਕੀ ਰਹਿੰਦਾ ਹੈ?[1]

ਪਰਕਾਸ਼ ਦੀ ਪੋਥੀ 22 ਅਧਿਆਇ ਦਾ ਵਿਸ਼ੇਸ਼ ਮਹੱਤਵ ਹੈ ਕਿਉਂਕਿ ਇਸ ਵਿਚ ਪਵਿੱਤਰ ਬਾਈਬਲ ਦੇ ਆਖਰੀ ਸ਼ਬਦ ਸ਼ਾਮਲ ਹਨ, ਪਰਮੇਸ਼ੁਰ ਦੀ ਪ੍ਰੇਰਣਾ ਦੇ ਨਾਲ ਦਿੱਤੇ ਗਏ ਸਭ ਤੋਂ ਅੰਤਿਮ ਸ਼ਬਦ ਹਨ, ਇਹ ਮੰਨਦੇ ਹੋਏ ਕਿ ਇਹ ਪੁਸਤਕ ਲਗਭਗ 96 ਈ.ਵੀ. ਪੂਰਵ ਦੇ ਦੌਰਾਨ ਡੋਮਿਸ਼ਨ ਦੇ ਸ਼ਾਸਨ ਕਾਲ ਦੇ ਦੌਰਾਨ ਲਿਖੀ ਗਈ ਸੀ। ਪਹਿਲੇ ਨਜ਼ਰ ਵਿਚ, ਅਧਿਆਇ ਵੱਖਰਾ ਜਾਪਦਾ ਹੈ। ਅਧਿਆਇ 22 ਦੀ ਇੱਕ ਚੁਨੌਤੀ ਇਹ ਹੈ ਕਿ ਇਹ ਕਹਿਣਾ ਹਮੇਸ਼ਾ ਅਸਾਨ ਨਹੀਂ ਹੁੰਦਾ ਹੈ ਕਿ ਕੌਣ ਬੋਲ ਰਿਹਾ ਹੈ। ਯਿਸੂ, ਯੂਹੰਨਾ ਅਤੇ ਇੱਕ ਸਵਰਗਦੂਤ ਸੰਦੇਸ਼ਵਾਹਕ ਦੀਆਂ ਅਵਾਜ਼ਾਂ ਦਾ ਮਿਸ਼ਰਤ ਹੁੰਦੀਆਂ ਹਨ। ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਇਹ ਸਮਝਣ ਦੀ ਬਜਾਇ ਕਿ ਕੌਣ ਬੋਲ ਰਿਹਾ ਹੈ, ਸਾਨੂੰ ਇਹ ਪਤਾ ਹੋਣ ਦੀ ਲੋੜ ਹੈ, ਕਿ ਸ਼ਬਦ *ਪਰਮੇਸ਼ੁਰ* ਦੇ ਵੱਲੋਂ ਹਨ। ਪਰਕਾਸ਼ ਦੀ ਪੋਥੀ 22 ਅਧਿਆਇ ਦੀਆਂ ਆਇਤਾਂ ਪੁਸਤਕ ਵਿਚ ਪਹਿਲਾਂ ਪਾਏ ਜਾਣ ਵਾਲੇ ਮੁੱਖ ਵਿਚਾਰਾਂ ਨੂੰ ਬਾਰ-ਬਾਰ ਦੁਹਰਾਉਂਦੀਆਂ ਹਨ – ਉਨ੍ਹਾਂ ਸੱਚਾਈਆਂ ਨੂੰ ਜੋ ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਯਾਦ ਰੱਖੀਏ।

## ਨਦੀ ਅਤੇ ਜੀਵਨ ਦਾ ਰੁੱਖ (22:1-5)

**1ਉਸ ਨੇ ਅੰਮ੍ਰਿਤ ਜਲ ਦੀ ਇੱਕ ਨਦੀ ਬਲੌਰ ਵਾਂਙੁ ਉੱਜਲ ਪਰਮੇਸ਼ੁਰ ਅਤੇ ਲੇਲੇ ਦੇ**
**ਸਿੰਘਾਸਣ ਵਿੱਚੋਂ ਨਿੱਕਲਦੀ ਓਸ ਨਗਰੀ ਦੇ ਚੌਂਕ ਦੇ ਵਿਚਕਾਰ ਮੈਨੂੰ ਵਿਖਾਈ। 2ਓਸ ਨਦੀ**
**ਦੇ ਉਰਾਰ ਪਾਰ ਜੀਵਨ ਦਾ ਬਿਰਛ ਹੈ ਜਿਹ ਨੂੰ ਬਾਰਾਂ ਪਰਕਾਰ ਦੇ ਫਲ ਲੱਗਦੇ ਹਨ ਅਤੇ**
**ਓਹ ਆਪਣਾ ਫਲ ਮਹੀਨਾ ਮਹੀਨਾ ਦਿੰਦਾ ਹੈ ਅਤੇ ਉਸ ਬਿਰਛ ਦੇ ਪੱਤੇ ਕੌਮਾਂ ਦੇ ਇਲਾਜ**

**ਦੇ ਲਈ ਹਨ। [3]ਅਤੇ ਹੁਣ ਅਗਾਹਾਂ ਨੂੰ ਕੋਈ ਸਰਾਪ ਨਾ ਹੋਵੇਗਾ ਅਤੇ ਪਰਮੇਸ਼ੁਰ ਅਤੇ ਲੇਲੇ ਦਾ ਸਿੰਘਾਸਣ ਓਸ ਵਿੱਚ ਹੋਵੇਗਾ ਅਤੇ ਉਹ ਦੇ ਦਾਸ ਉਹ ਦੀ ਉਪਾਸਨਾ ਕਰਨਗੇ। [4]ਅਤੇ ਉਹ ਦਾ ਦਰਸ਼ਣ ਪਾਉਣਗੇ ਅਤੇ ਉਹ ਦਾ ਨਾਮ ਓਹਨਾਂ ਦੇ ਮੱਥਿਆਂ ਉੱਤੇ ਹੋਵੇਗਾ। [5]ਅਤੇ ਹੁਣ ਅਗਾਹਾਂ ਨੂੰ ਰਾਤ ਨਾ ਹੋਵੇਗੀ ਅਤੇ ਓਹਨਾਂ ਨੂੰ ਦੀਵੇ ਦੀ ਲੋ ਸਗੋਂ ਸੂਰਜ ਦੇ ਚਾਨਣ ਦੀ ਕੁਝ ਲੋੜ ਨਹੀਂ ਕਿਉਂ ਜੋ ਪ੍ਰਭੁ ਪਰਮੇਸ਼ੁਰ ਓਹਨਾਂ ਨੂੰ ਚਾਨਣ ਕਰੇਗਾ, ਅਤੇ ਓਹ ਜੁੱਗੋ ਜੁੱਗ ਰਾਜ ਕਰਨਗੇ।**

ਇਸ ਬਿੰਦੂ ਤੇ ਯੂਹੰਨਾ ਨੂੰ ਦੂਰ ਤੋਂ ਇਸ ਸ਼ਹਿਰ ਨੂੰ ਵੇਖਣ ਦੀ ਇਜਾਜ਼ਤ ਦਿੱਤੀ ਗਈ ਸੀ। 22:1-5 ਵਿਚ, ਯੂਹੰਨਾ ਨੂੰ ਸਪੱਸ਼ਟ ਤੌਰ ਤੇ ਅੰਦਰ ਬੁਲਾਇਆ ਗਿਆ ਸੀ ਤਾਂ ਕਿ ਉਹ ਉਸ ਦੀ ਇੱਕ ਝਲਕ ਵੇਖ ਸਕੇ ਜੋ ਪਰਮੇਸ਼ੁਰ ਨੇ ਆਪਣੇ ਬੱਚਿਆਂ ਦੇ ਲਈ ਰੱਖਿਆ ਹੋਇਆ ਹੈ। ਸ਼ਹਿਰ ਦਾ ਆਕਾਰ (21:16) ਬਹੁਤ ਸਾਰੇ ਨਿਵਾਸੀਆਂ ਨੂੰ ਸੂਚਿਤ ਕਰਦਾ ਹੈ – ਉਹ ਨਿਵਾਸੀ ਜਿਨ੍ਹਾਂ ਨੂੰ ਲੋੜਾਂ ਹੁੰਦੀਆਂ ਹਨ – ਅਤੇ ਪਰਮੇਸ਼ੁਰ ਨੇ ਹਰ ਇੱਕ ਲੋੜ ਨੂੰ ਪੂਰਾ ਕੀਤਾ ਹੈ। "ਜੀਵਨ ਨੂੰ ਕਾਇਮ ਰੱਖਣ ਦੇ ਲਈ ਤਿੰਨ ਬੁਨਿਆਦੀ ਲੋੜਾਂ ਹਨ: ਪਾਣੀ, ਭੋਜਨ, ਅਤੇ ਸਿਹਤ।"[2] ਜਦੋਂ ਕਲਪਨਾ ਇੱਕ ਨਗਰੀ ਤੋਂ "ਪਰਮੇਸ਼ੁਰ ਦੇ ਸਵਰਗ" ਵਿਚ ਬਦਲਦੀ ਹੈ ਤਾਂ ਅਧਿਆਇ 22 ਦੀਆਂ ਪਹਿਲੀਆਂ ਆਇਤਾਂ ਕਹਿੰਦੀਆਂ ਹਨ ਕਿ ਪਰਮੇਸ਼ੁਰ ਇਨ੍ਹਾਂ ਚੀਜ਼ਾਂ ਵਿਚੋਂ ਹਰ ਇੱਕ ਦੀ ਪੂਰਤੀ ਕਰੇਗਾ (2:7)।

**ਆਇਤ 1.** ਸਵਰਗਦੂਤ ਨੇ ਯੂਹੰਨਾ ਨੂੰ ਪਹਿਲਾਂ **ਅੰਮ੍ਰਿਤ ਜਲ ਦੀ ਇੱਕ ਨਦੀ ਬਲੌਰ ਵਾਂਙੁ ਉੱਜਲ ਪਰਮੇਸ਼ੁਰ ਅਤੇ ਲੇਲੇ ਦੇ ਸਿੰਘਾਸਣ ਵਿੱਚੋਂ ਨਿੱਕਲਦੀ** ਵਿਖਾਈ। ਯੁੱਗਾਂ ਯੁੱਗਾਂ ਤੋਂ ਲੋਕ "ਜਵਾਨੀ ਦੇ ਝਰਨੇ" ਦੀ ਖੋਜ ਕਰ ਰਹੇ ਹਨ ਤਾਂ ਕਿ ਉਹ ਕਦੇ ਬੁੱਢੇ ਨਾ ਹੋਣ, ਪਰ ਉਹ ਇਸ ਖੋਜ ਵਿਚ ਮਰ ਗਏ ਹਨ। ਜਿਸ ਨੂੰ ਸਮਝਣ ਵਿਚ ਉਹ ਅਸਫਲ ਰਹੇ ਹਨ ਉਹ ਇਹ ਗੱਲ ਹੈ ਕਿ ਉਹ ਅਣਲੱਭ "ਝਰਨਾ" ਧਰਤੀ ਦੇ ਉੱਤੇ ਨਹੀਂ ਹੈ, ਸਗੋਂ ਸਵਰਗ ਵਿਚ ਹੈ; ਇਹ ਜੀਵਨ ਦੇ ਸੋਮੇ, ਸਿੰਘਾਸਣ ਤੋਂ ਵਹਿੰਦਾ ਹੈ। ਪਰਕਾਸ਼ ਦੀ ਪੋਥੀ ਅਧਿਆਇ 22 ਹੀ ਸਿਰਫ ਇਕਮਾਤਰ ਅਧਿਆਇ ਹੈ ਜਿਸ ਵਿਚ ਵਾਕ **ਪਰਮੇਸ਼ੁਰ *ਅਤੇ* ਲੇਲੇ ਦੇ ਸਿੰਘਾਸਣ** ਪਾਇਆ ਜਾਂਦਾ ਹੈ (ਆਇਤਾਂ 1, 3; ਜ਼ੋਰ ਦਿੱਤਾ ਗਿਆ ਹੈ), ਪਰ ਇਹ ਵਿਚਾਰ ਕਿ *ਦੋਵੇਂ* ਸਿੰਘਾਸਣ ਤੇ ਵਿਰਾਜਮਾਨ ਹਨ, ਅਧਿਕਾਰ ਦਾ ਅਸਥਾਨ, ਇਸ ਦਾ ਪਹਿਲਾਂ ਕਈ ਵਾਰ ਇਸ ਦਾ ਉਲੇਖ ਕੀਤਾ ਗਿਆ ਹੈ (3:21; 12:5)।

**ਆਇਤ 2.** ਯੂਹੰਨਾ ਨੇ ਜੀਵਨ ਦੀ ਨਦੀ ਚੌਂਕ ਦੇ ਵਿਚਕਾਰ ਵੇਖੀ। **ਓਸ ਨਦੀ ਦੇ ਉਰਾਰ ਪਾਰ ਜੀਵਨ ਦਾ ਬਿਰਛ ਹੈ ਜਿਹ ਨੂੰ ਬਾਰਾਂ ਪਰਕਾਰ ਦੇ ਫਲ ਲੱਗਦੇ ਹਨ ਅਤੇ ਓਹ ਆਪਣਾ ਫਲ ਮਹੀਨਾ ਮਹੀਨਾ ਦਿੰਦਾ ਹੈ ਅਤੇ ਓਸ ਬਿਰਛ ਦੇ ਪੱਤੇ ਕੌਮਾਂ ਦੇ ਇਲਾਜ ਦੇ ਲਈ ਹਨ।** ਯੂਨਾਨੀ ਮੂਲ ਲਿਖਤ ਸੜਕ, ਨਦੀ ਅਤੇ ਬਿਰਛ ਦੇ ਨਾਲ ਸਬੰਧਤ ਪਦਾਂ ਦੇ ਵਿਸ਼ੇ ਵਿਚ ਅਸਪੱਸ਼ਟ ਹੈ। ਹੋ ਸਕਦਾ ਹੈ ਕਿ ਕੁਝ ਲੋਕ ਸੋਚਣ ਕਿ ਕਿਵੇਂ ਜੀਵਨ ਦਾ ਬਿਰਛ (ਇੱਕ ਵਚਨ) ਓਸ ਨਦੀ ਦੇ ਉਰਾਰ ਪਾਰ ਹੋ ਸਕਦਾ ਹੈ (ਵੇਖੋ ਜ਼ਬੂਰਾਂ ਦੀ ਪੋਥੀ 46:4; ਹਿਜ਼ਕੀਏਲ 47:1-12; ਯੋਏਲ 3:18; ਜ਼ਕਰਯਾਹ 14:8)। ਇਹ ਸੁਝਾਅ ਦਿੱਤਾ ਗਿਆ ਹੈ ਕਿ *ਇੱਕ* ਬਿਰਛ ਦੀਆਂ ਦੂਰ-ਦੂਰ ਤਕ ਫੈਲੀਆਂ ਹੋਈਆਂ ਜੜ੍ਹਾਂ ਤੋਂ ਇੱਕ ਵੱਡਾ ਜੰਗਲ ਪੈਦਾ ਹੋਇਆ ਹੈ। ਇਸ ਮਾਮਲੇ ਵਿਚ, ਅਸੀਂ ਇੱਕ ਜੜ੍ਹ ਪ੍ਰਣਾਲੀ ਦੇ ਨਾਲ ਕਈ "ਬਿਰਛਾਂ" ਦੇ ਵਿਸ਼ੇ ਵਿਚ ਸੋਚ ਸਕਦੇ ਹਾਂ। ਬੇਸ਼ੱਕ, *ਪ੍ਰਤੀਕਾਤਮਕ* ਭਾਸ਼ਾ ਵਿਚ ਪਾਠਕ ਨੂੰ ਸਪੱਸ਼ਟ ਅਸੰਗਤਤਾ ਦੇ ਵਿਸ਼ੇ ਵਿਚ ਚਿੰਤਾ ਨਹੀਂ ਕਰਨੀ ਚਾਹੀਦੀ ਹੈ। ਮੂਲ ਲਿਖਤ ਦਾ ਉਦੇਸ਼ ਸ਼ਹਿਰ ਦੀ ਯੋਜਨਾਬੰਦੀ ਵਿਚ ਸਬਕ ਬਣਨਾ ਨਹੀਂ

ਹੈ, ਪਰ ਪਰਮੇਸ਼ੁਰ ਦੇ ਪ੍ਰਬੰਧਾਂ ਤੇ ਯਕੀਨ ਦਿਵਾਉਣਾ ਹੈ।

ਪਾਪ ਦੇ ਕਾਰਨ ਮਨੁੱਖ ਜਾਤੀ ਦੇ ਕੋਲੋਂ **ਜੀਵਨ ਦਾ ਬਿਰਛ** ਖੁੱਸ ਗਿਆ ਸੀ (ਉਤਪਤ 2:9; 3:6, 22-24), ਅਤੇ ਮਨੁੱਖ ਜਾਤੀ ਦੇ ਉੱਤੇ ਇੱਕ ਸਰਾਪ ਦਿੱਤਾ ਗਿਆ ਸੀ (ਉਤਪਤ 3:16-19)। ਪਰ, ਸਵਰਗ ਵਿਚ, "ਅਤੇ ਹੁਣ ਅਗਾਹਾਂ ਨੂੰ ਕੋਈ ਸਰਾਪ ਨਾ ਹੋਵੇਗਾ" (ਪਰਕਾਸ਼ ਦੀ ਪੋਥੀ 22:3), ਅਤੇ ਜੀਵਨ ਦੇ ਰੁੱਖ ਨੂੰ ਬਹਾਲ ਕੀਤਾ ਜਾਵੇਗਾ (ਵੇਖੋ 2:7; 22:14, 19)। ਬਿਰਛ **ਬਾਰਾਂ ਪਰਕਾਰ ਦੇ ਫਲ** ਦਿੰਦਾ ਹੈ – ਜਾਂ "ਫਲ ਦੀਆਂ ਫਸਲਾਂ" (NASB ਹਾਸ਼ੀਆ ਨੋਟ)। ਫਲਾਂ ਦੀਆਂ ਕਿਸਮਾਂ ਦੀ ਬਜਾਇ ਫਲਾਂ ਦੀ ਲਗਾਤਾਰ ਪੂਰਤੀ ਦੇ ਉੱਤੇ ਜ਼ੋਰ ਦਿੱਤਾ ਜਾ ਸਕਦਾ ਹੈ। ਕਿਸੇ ਵੀ ਤਰ੍ਹਾਂ ਦੇ ਨਾਲ, ਹਵਾਲਾ ਕਹਿੰਦਾ ਹੈ ਕਿ, ਸਵਰਗ ਵਿਚ, *ਪਰਮੇਸ਼ੁਰ ਸਾਨੂੰ ਹਰ ਉਹ ਚੀਜ਼ ਮੁਹੱਈਆ ਕਰਵਾਏਗਾ ਜਿਸ ਦੀ ਸਾਨੂੰ ਲੋੜ ਹੈ*।

ਬਿਰਛ ਦੇ ਹਰ ਹਿੱਸੇ ਨੇ ਸ਼ਹਿਰ ਦੇ ਨਾਗਰਿਕਾਂ ਦੇ ਲਈ ਇੱਕ ਅਸੀਸ ਪ੍ਰਦਾਨ ਕੀਤੀ ਹੈ। ਇਸ ਦਾ ਸੁਆਦੀ ਫਲ ਉਨ੍ਹਾਂ ਦੀ ਭੁੱਖ ਨੂੰ ਸੰਤੁਸ਼ਟ ਕਰਦਾ ਹੈ, ਅਤੇ **ਉਸ ਬਿਰਛ ਦੇ ਪੱਤੇ ਕੌਮਾਂ ਦੇ ਇਲਾਜ ਦੇ ਲਈ ਹਨ**। ਕਿਸ ਮਾਇਨੇ ਨਾਲ ਸਵਰਗ ਵਿਚ ਮਸੀਹੀਆਂ ਨੂੰ "ਚੰਗਾ" ਕੀਤਾ ਜਾਵੇਗਾ? ਕਿਉਂਕਿ ਪਾਪ ਨੇ ਸਰਾਪ ਨੂੰ ਪੈਦਾ ਕੀਤਾ ਸੀ, ਇਸ ਲਈ ਪਾਪ ਦਾ ਦੂਰ ਕੀਤਾ ਜਾਣਾ ਆਪਣੇ ਆਪ ਦੇ ਵਿਚ ਇੱਕ "ਚੰਗਾਈ" ਹੋਵੇਗੀ। ਕੁਝ ਲੇਖਕਾਂ ਨੇ *ਮਸੀਹੀ* ਦੇ "ਜੀਵਨ ਦੇ ਬਿਰਛ" ਨੂੰ ਯਿਸੂ ਦੀ *ਸਲੀਬ* ਦੇ ਨਾਲ ਜੋੜਿਆ ਹੈ। ਸ਼ਬਦ ξύλον (*ਜ਼ੂਲੋਨ*), ਜਿਸ ਦਾ ਅਨੁਵਾਦ "ਬਿਰਛ," ਕਦੀ-ਕਦੀ ਸਲੀਬ ਦਾ ਹਵਾਲਾ ਦੇਣ ਦੇ ਲਈ ਇਸਤੇਮਾਲ ਕੀਤਾ ਗਿਆ। (NASB ਅਤੇ KJV ਵਿਚ ਰਸੂਲਾਂ ਦੇ ਕਰਤੱਬ 5:30; 10:39; 13:29; 1 ਪਤਰਸ 2:24 ਦੀ ਤੁਲਨਾ ਕਰੋ।) ਯਿਸੂ ਦੇ ਬਲੀਦਾਨ ਦੇ ਦੁਆਰਾ, ਮਸੀਹੀ ਆਤਮਿਕ ਤੌਰ ਤੇ ਚੰਗੇ ਹੋ ਚੁੱਕੇ ਹਨ (ਵੇਖੋ ਯਸਾਯਾਹ 53:5)। ਉਨ੍ਹਾਂ ਸਭ ਲੋਕਾਂ ਨੂੰ ਧਿਆਨ ਵਿਚ ਰੱਖਦੇ ਹੋਏ ਜੋ ਅੱਜ ਸਰੀਰਕ ਅਤੇ ਮਾਨਸਿਕ ਦੁਖ ਤੋਂ ਚੰਗਾਈ ਚਾਹੁੰਦੇ ਹਨ, ਸ਼ਾਇਦ "ਕੌਮਾਂ ਦੇ ਇਲਾਜ ਦੇ ਲਈ" ਵੀ ਇੱਕ ਵਾਇਦਾ ਹੈ ਕਿ, ਸਵਰਗ ਵਿਚ, ਆਖਿਰਕਾਰ ਲੋਕ ਸਰੀਰ, ਮਨ, ਅਤੇ ਆਤਮਾ ਵਿਚ ਚੰਗੇ ਹੋ ਜਾਣਗੇ। ਇਸ ਤੱਥ ਦੇ ਲਈ ਅਸੀਂ ਨਿਸ਼ਚਤ ਹੋ ਸਕਦੇ ਹਾਂ: ਸਵਰਗ ਵਿਚ, ਅਸੀਂ ਹਮੇਸ਼ਾ ਚੰਗੀ ਸਿਹਤ ਦਾ ਅਨੰਦ ਮਾਣਾਂਗੇ।

**ਆਇਤ 3.** ਉਤਪਤ 3 ਅਧਿਆਇ ਦੇ ਸਰਾਪ ਨੇ ਸਖਤ ਮੇਹਨਤ ਅਤੇ ਅੱਥਰੂਆਂ ਨੂੰ ਪੈਦਾ ਕੀਤਾ (ਉਤਪਤ 3:16-19), ਪਰ ਉਸ ਸਰਾਪ ਦਾ ਸਭ ਤੋਂ ਭਿਆਨਕ ਹਿੱਸਾ ਇਹ ਸੀ ਕਿ ਮਨੁੱਖ ਪਰਮੇਸ਼ੁਰ ਤੋਂ ਵੱਖਰਾ ਹੋ ਗਿਆ ਸੀ (ਉਤਪਤ 3:23, 24; ਵੇਖੋ ਯਸਾਯਾਹ 59:2)। ਹੁਣ ਅਗਾਂਹ ਤੋਂ ਪ੍ਰਭੂ ਮਨੁੱਖ ਦੇ ਨਾਲ ਅਦਨ ਦੇ ਬਾਗ ਦੀ ਗੂੜ ਸੰਗਤੀ ਵਿਚ ਨਹੀਂ ਚੱਲਦਾ ਸੀ (ਵੇਖੋ ਉਤਪਤ 3:8)। ਅੰਤ ਵਿਚ ਸਵਰਗ ਵਿਚ ਸਰਾਪ ਨੂੰ ਹਟਾ ਦਿੱਤਾ ਜਾਵੇਗਾ: **ਹੁਣ ਅਗਾਹਾਂ ਨੂੰ ਕੋਈ ਸਰਾਪ ਨਾ ਹੋਵੇਗਾ ਅਤੇ ਪਰਮੇਸ਼ੁਰ ਅਤੇ ਲੇਲੇ ਦਾ ਸਿੰਘਾਸਣ ਉਸ ਵਿੱਚ ਹੋਵੇਗਾ।** (22:3 ਦੀ ਜ਼ਕਰਯਾਹ 14:11 ਦੇ ਨਾਲ ਤੁਲਨਾ ਕਰੋ।)

ਕੋਈ ਵੀ ਆਇਤ 3 ਵਿਚ ਇੱਕ ਹੋਰ ਵਾਕ ਨੂੰ ਅਣਦੇਖਿਆ ਨਹੀਂ ਕਰਨਾ ਚਾਹੇਗਾ: **ਅਤੇ ਉਹ ਦੇ ਦਾਸ ਉਹ ਦੀ ਉਪਾਸਨਾ ਕਰਨਗੇ।** ਪਰਕਾਸ਼ ਦੀ ਪੋਥੀ ਸਵਰਗ ਨੂੰ ਇੱਕ ਅਰਥਪੂਰਣ ਗਤੀਵਿਧੀ ਦੇ ਸਥਾਨ ਦੇ ਰੂਪ ਵਿਚ ਪਰਕਾਸ਼ਿਤ ਕਰਦਾ ਹੈ। ਕਿਉਂਕਿ ਸ਼ਬਦ λατρεύω (*ਲੈਟਰੀਯੂ* ), ਦਾ ਅਨੁਵਾਦ **ਉਪਾਸਨਾ** ਕੀਤਾ ਗਿਆ ਹੈ, ਇਸ ਦਾ ਅਰਥ "ਧਾਰਮਿਕ ਸੇਵਾ" ਹੋ ਸਕਦਾ ਹੈ, ਕੁਝ ਅਨੁਵਾਦਾਂ ਵਿਚ "ਉਸ ਦੀ ਉਪਾਸਨਾ" ਹੈ (7:15 ਦੇ ਵਿਸ਼ੇ ਤੇ ਟਿੱਪਣੀਆਂ ਵੇਖੋ)। ਪਰਮੇਸ਼ੁਰ ਦੀ ਮਹਿਮਾ ਕਰਨ ਤੋਂ ਇਲਾਵਾ, ਇਹ ਅਗਿਆਤ ਹੈ ਕਿ ਸੰਤਾਂ ਨੂੰ ਹੋਰ ਕੀ ਕਰਨ ਦੇ ਲਈ ਕਿਹਾ ਜਾਵੇਗਾ। ਤਾਂ ਵੀ, ਇਸ ਮੂਲਲਿਖਤ ਮਸੀਹੀਆਂ ਭਰੋਸਾ ਦਿਵਾਉਂਦੀ ਹੈ ਕਿ ਉਨ੍ਹਾਂ ਦੀ

ਹੋਂਦ ਦਾ ਉਦੇਸ਼ ਹੋਵੇਗਾ।

**ਆਇਤ 4.** ਸ਼ਹਿਰ ਦੇ ਵਾਸੀ **ਉਹ ਦਾ ਦਰਸ਼ਣ ਪਾਉਣਗੇ।** ਧਰਤੀ ਦੇ ਉੱਤੇ, ਕਿਸੇ ਨੂੰ ਵੀ ਪਰਮੇਸ਼ੁਰ ਦਾ ਚਿਹਰਾ ਵੇਖਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਹੈ (ਕੂਚ 33:20, 23), ਪਰ ਇੱਕ ਦਿਨ "ਸ਼ੁੱਧਮਨ" "ਪਰਮੇਸ਼ੁਰ ਨੂੰ ਵੇਖਣਗੇ" (ਮੱਤੀ 5:8)। ਇਬਰਾਨੀਆਂ ਦੇ ਮਸੀਹੀਆਂ ਨੂੰ ਲਿਖਣ ਵਾਲੇ ਲੇਖਕ ਨੇ ਪਰਮੇਸ਼ੁਰ ਨੂੰ ਵੇਖਣ ਦੀ ਗੱਲ ਕਹੀ ਹੈ (ਇਬਰਾਨੀਆਂ 12:14)। ਜਿਵੇਂ ਮੱਛੀਆਂ ਪਾਣੀ ਵਿਚ ਰਹਿਣ ਦੇ ਲਈ ਬਣਾਈਆਂ ਗਈਆਂ ਸਨ, ਚਿੜੀਆਂ ਨੂੰ ਅਕਾਸ਼ ਦੇ ਵਿਚ ਉੱਡਣ ਦੇ ਲਈ ਬਣਾਇਆ ਗਿਆ ਸੀ, ਉਸੇ ਤਰ੍ਹਾਂ ਸਾਡੀਆਂ ਆਤਮਾਵਾਂ ਨੂੰ ਪਰਮੇਸ਼ੁਰ ਦੀ ਮੌਜੂਦਗੀ ਵਿਚ ਰਹਿਣ ਅਤੇ ਖੁਸ਼ਹਾਲ ਹੋਣ ਦੇ ਲਈ ਬਣਾਇਆ ਗਿਆ ਹੈ। ਇਹ ਸੰਗਤੀ ਸਵਰਗ ਦੀ ਸਭ ਤੋਂ ਵੱਡੀ ਅਸੀਸ ਹੋਵੇਗੀ। "ਸਵਰਗ ਦਾ ਸਾਰ ਹੈ ਪਰਮੇਸ਼ੁਰ ਅਤੇ ਉਸ ਦੇ ਪੁੱਤਰ ਦੇ ਨਾਲ ਹੋਣਾ।"[3]

ਇਹ ਵੇਰਵਾ ਸ਼ਾਮਲ ਕੀਤਾ ਗਿਆ ਹੈ: **ਅਤੇ ਉਹ ਦਾ ਨਾਮ ਓਹਨਾਂ ਦੇ ਮੱਥਿਆਂ ਉੱਤੇ ਹੋਵੇਗਾ।** ਇਸ ਪਹਿਚਾਣ ਤੋਂ *ਮਾਲਕੀ* ਦਾ ਸੰਕੇਤ ਮਿਲਦਾ ਹੈ; ਮਸੀਹੀ ਪ੍ਰਭੂ ਦੇ ਨਾਲ ਸਬੰਧਤ ਹਨ (ਵੇਖੋ 3:12; 7:3)। ਇਸ ਤੋਂ ਇਲਾਵਾ, ਇਸ *ਸਮਾਨਤਾ* ਨੂੰ ਸੂਚਿਤ ਕਰਦੀ ਹੈ: ਪਰਮੇਸ਼ੁਰ ਦਾ ਨਾਮ ਦੱਸਦਾ ਹੈ ਕਿ ਉਹ ਕੌਣ ਹੈ, ਅਤੇ ਮਨੁੱਖ ਦਾ ਮੱਥਾ ਉਸ ਦੇ ਦਿਮਾਗ ਨੂੰ ਢੱਕਦਾ ਹੈ। ਇਸ ਲਈ, ਮੱਥੇ ਤੇ ਨਾਮ ਲਿਖਿਆ ਹੋਇਆ ਇਸ ਗੱਲ ਨੂੰ ਦਰਸਾਉਂਦਾ ਹੈ ਕਿ ਪਰਮੇਸ਼ੁਰ ਦੇ ਚਰਿੱਤਰ ਨੇ ਮਨ ਦੇ ਨਾਲ ਨਾਲ ਪੂਰੇ ਵਿਅਕਤੀ ਨੂੰ ਢੱਕਿਆ ਹੋਇਆ ਹੈ। ਪਰਮੇਸ਼ੁਰ ਦੀ ਹਜ਼ੂਰੀ ਵਿਚ, ਮਸੀਹੀ ਲੋਕ ਹੋਰ ਵੱਧ ਤੋਂ ਵੱਧ ਪਰਮੇਸ਼ੁਰ ਵਰਗੇ ਬਣ ਜਾਣਗੇ। ਯੂਹੰਨਾ ਨੇ ਆਪਣੀਆਂ ਪੱਤ੍ਰੀਆਂ ਵਿਚੋਂ ਇੱਕ ਵਿਚ ਇਸ ਗੱਲ ਨੂੰ ਪਰਗਟ ਕੀਤਾ ਹੈ: "ਹੇ ਪਿਆਰਿਓ, ਅਸੀਂ ਹੁਣ ਪਰਮੇਸ਼ੁਰ ਦੇ ਬਾਲਕ ਹਾਂ ਅਤੇ ਅਜੇ ਇਹ ਪਰਗਟ ਨਹੀਂ ਹੋਇਆ ਭਈ ਅਸੀਂ ਕੀ ਕੁਝ ਹੋਵਾਂਗੇ ਕਿਉਂ ਜੋ ਉਹ ਜਿਹਾ ਹੈ ਤਿਹਾ ਹੀ ਉਹ ਨੂੰ ਵੇਖਾਂਗੇ" (1 ਯੂਹੰਨਾ 3:2)। 2 ਕੁਰਿੰਥੀਆਂ 3:18 ਦੇ ਅਨੁਸਾਰ, ਇਹ ਪਰਿਵਰਤਨ ਇਸ ਜੀਵਨ ਵਿਚ ਸ਼ੁਰੂ ਹੁੰਦਾ ਹੈ। ਇਹ ਅਗਲੇ ਜੀਵਨ ਵਿਚ ਪੂਰਾ ਹੋ ਜਾਵੇਗਾ।

**ਆਇਤ 5.** ਸਵਰਗ ਦਾ ਦਿਲਚਸਪ ਅਤੇ ਨਿਮਰ ਚਿੱਤਰਣ ਦੋ ਪੁਸ਼ਟੀਆਂ ਦੇ ਨਾਲ ਸਮਾਪਤ ਹੁੰਦਾ ਹੈ ਕਿ ਪ੍ਰਭੂ ਸਵਰਗ ਦੀ ਰੌਸ਼ਨੀ ਹੋਵੇਗਾ, ਇਸ ਦੇ ਨਾਲ ਇੱਕ ਹੋਰ ਵਾਇਦਾ। ਸਭ ਤੋਂ ਪਹਿਲਾ, ਪਾਠਕ ਨੂੰ ਇੱਕ ਵਾਰ ਫਿਰ ਕਿਹਾ ਗਿਆ ਹੈ **ਅਤੇ ਹੁਣ ਅਗਾਹਾਂ ਨੂੰ ਰਾਤ ਨਾ ਹੋਵੇਗੀ।** ਜ਼ਿਆਦਾਤਰ ਲੋਕਾਂ ਨੂੰ, ਰਾਤ ਦੇ ਸਮੇਂ ਸਭ ਕੁਝ ਖਰਾਬ ਜਾਪਦਾ ਹੈ। ਹਨੇਰੇ ਵਿਚ, ਇੱਕ ਵਿਅਕਤੀ ਦਾ ਵਿਰੋਧ ਘੱਟ ਜਾਂਦਾ ਹੈ ਅਤੇ ਦਰਦ ਵੱਧ ਜਾਂਦਾ ਹੈ। ਪਰਮੇਸ਼ੁਰ ਦਾ ਧੰਨਵਾਦ ਹੋਵੇ, "ਕਿਉਂ ਜੋ ਰਾਤ ਤਾਂ ਉੱਥੇ ਹੋਣੀ ਹੀ ਨਹੀਂ" (21:25)। ਫਿਰ ਇੱਕ ਚੇਤਾਵਨੀ ਹੈ ਕਿ ਜੋ ਲੋਕ ਸਵਰਗੀ ਸ਼ਹਿਰ ਵਿਚ ਰਹਿੰਦੇ ਹਨ **ਓਹਨਾਂ ਨੂੰ ਦੀਵੇ ਦੀ ਲੋ ਸਗੋਂ ਸੂਰਜ ਦੇ ਚਾਨਣ ਦੀ ਕੁਝ ਲੋੜ ਨਹੀਂ ਕਿਉਂ ਜੋ ਪ੍ਰਭੁ ਪਰਮੇਸ਼ੁਰ ਓਹਨਾਂ ਨੂੰ ਚਾਨਣ ਕਰੇਗਾ** (ਵੇਖੋ ਯੂਹੰਨਾ 1:4-9; 8:12; 12:35, 36; 1 ਯੂਹੰਨਾ 1:5-7)।

ਆਖਿਰਕਾਰ, ਪਾਠਕ ਨੂੰ ਦੱਸਿਆ ਗਿਆ ਹੈ ਕਿ ਜੋ ਲੋਕ ਸਵਰਗ ਵਿਚ ਜਾਂਦੇ ਹਨ ਓਹ ਜੁੱਗੋ ਜੁੱਗ ਰਾਜ ਕਰਨਗੇ। ਪਰਕਾਸ਼ ਦੀ ਪੋਥੀ ਵਿਚ, ਪਹਿਲਾਂ ਇਹ ਵੇਖਿਆ ਸੀ ਕਿ ਅੱਜ ਮਸੀਹੀ ਪ੍ਰਭੂ ਦੇ ਨਾਲ ਰਾਜ ਕਰ ਰਹੇ ਹਨ (1:5, 6; 5:10), ਅਤੇ ਸ਼ਹੀਦ ਲੋਕ ਮੌਤ ਤੋਂ ਬਾਅਦ ਵੀ ਯਿਸੂ ਦੇ ਨਾਲ ਰਾਜ ਕਰ ਰਹੇ ਨਲ (20:6)। ਹੁਣ ਮਸੀਹੀਆਂ ਨੂੰ ਦੱਸਿਆ ਜਾਂਦਾ ਹੈ ਕਿ ਉਸ ਦੇ ਨਾਲ ਉਨ੍ਹਾਂ ਦਾ ਰਾਜ ਸਦਾ ਕਾਇਮ ਰਹੇਗਾ। ਮੂਲਲਿਖਤ ਵਿਚ ਕੋਈ ਸੰਕੇਤ ਨਹੀਂ ਮਿਲਦਾ ਕਿ ਮਸੀਹੀ *ਹੋਰਨਾਂ* ਦੇ ਉੱਤੇ ਰਾਜ ਕਰਨਗੇ; ਇਹ ਸ਼ਬਦਾਵਲੀ ਸਿਰਫ ਇਸ ਗੱਲ ਦੀ

ਪੁਸ਼ਟੀ ਕਰਦੀ ਹੈ ਕਿ ਉਹ ਸ਼ਾਹੀ ਪਰਿਵਾਰ ਦਾ ਹਿੱਸਾ ਬਣਨਗੇ (20:6 ਤੇ ਟਿੱਪਣੀਆਂ ਵੇਖੋ)। ਅਸੀਂ ਕਿੰਨੇ ਮੁਬਾਰਕ ਹੋਵਾਂਗੇ!

## ਉਹ ਸ਼ਬਦ ਜੋ ਵਿਸ਼ਵਾਸਯੋਗ ਅਤੇ ਸੱਚੇ ਹਨ (22:6, 7)

**6ਫੇਰ ਓਨ ਮੈਨੂੰ ਆਖਿਆ, ਏਹ ਬਚਨ ਨਿਹਚਾ ਜੋਗ ਅਤੇ ਸਤ ਹਨ ਅਤੇ ਪ੍ਰਭੁ ਨੇ ਜਿਹੜਾ ਨਬੀਆਂ ਦਿਆਂ ਆਤਮਿਆਂ ਦਾ ਪਰਮੇਸ਼ੁਰ ਹੈ ਆਪਣਾ ਦੂਤ ਘੱਲਿਆ ਭਈ ਜਿਹੜੀਆਂ ਗੱਲਾਂ ਛੇਤੀ ਹੋਣੀਆਂ ਹਨ ਸੋ ਆਪਣਿਆਂ ਦਾਸਾਂ ਨੂੰ ਵਿਖਾਵੇ। 7ਵੇਖ ਮੈਂ ਛੇਤੀ ਆਉਂਦਾ ਹਾਂ! ਧੰਨ ਉਹ ਜਿਹੜਾ ਇਸ ਪੋਥੀ ਦੇ ਅਗੰਮ ਵਾਕ ਦੀਆਂ ਗੱਲਾਂ ਦੀ ਪਾਲਨਾ ਕਰਦਾ ਹੈ!**

**ਆਇਤ 6.** ਇਹ ਸੰਖੇਪ ਭਾਗ ਸਵਰਗਦੂਤ ਦੇ ਦੁਆਰਾ ਯੂਹੰਨਾ ਦੇ ਨਾਲ ਗੱਲ ਕਰਨ ਦੇ ਨਾਲ ਸ਼ੁਰੂ ਹੁੰਦਾ ਹੈ, **ਏਹ ਬਚਨ ਨਿਹਚਾ ਜੋਗ ਅਤੇ ਸਤ ਹਨ।** ਯਿਸੂ ਨੂੰ ਪਹਿਲਾਂ ਤੋਂ ਹੀ "ਵਫ਼ਾਦਾਰ ਅਤੇ ਸੱਚੇ" ਦੇ ਰੂਪ ਵਿਚ ਵਰਣਨ ਕੀਤਾ ਗਿਆ ਹੈ (3:14; 19:11); ਉਸ ਦੇ ਵਚਨ ਦੇ ਲਈ ਇਨ੍ਹਾਂ ਵਿਸ਼ੇਸ਼ਤਾਵਾਂ ਨੂੰ ਸਾਂਝਾ ਕਰਨਾ ਕੁਦਰਤੀ ਹੈ। ਅਧਿਆਇ 21 ਅਤੇ 22 ਵਿਚ ਸਵਰਗ ਦੇ ਵਿਸ਼ੇ ਵਿਚ ਇਨ੍ਹਾਂ "ਸ਼ਬਦਾਂ" ਦਾ ਖਾਸ ਉਪਯੋਗ ਹੈ। ਇਹ ਪਰਕਾਸ਼ ਦੀ ਪੋਥੀ ਦੀ ਪੂਰੀ ਪੁਸਤਕ ਦੇ ਲਈ ਇੱਕ ਸੰਖੇਪ ਬਿਆਨ ਦੇ ਰੂਪ ਵਿਚ ਵੀ ਹੋ ਸਕਦਾ ਹੈ। ਇਸ ਤੋਂ ਇਲਾਵਾ, ਇਹ ਸਾਰੇ ਵਚਨਾਂ ਦੇ ਵਿਸ਼ੇ ਵਿਚ ਇੱਕ ਘੋਸ਼ਣਾ ਹੋ ਸਕਦਾ ਹੈ।

ਪਵਿੱਤਰ ਬਾਈਬਲ ਭਰੋਸੇਯੋਗ ਕਿਉਂ ਹੈ? ਇਸ ਦਾ ਉੱਤਰ ਆਇਤ 6 ਦੇ ਇਨ੍ਹਾਂ ਸ਼ਬਦਾਂ ਵਿਚ ਪਾਇਆ ਜਾਂਦਾ ਹੈ: **ਪ੍ਰਭੁ ਨੇ ਜਿਹੜਾ ਨਬੀਆਂ ਦਿਆਂ ਆਤਮਿਆਂ ਦਾ ਪਰਮੇਸ਼ੁਰ ਹੈ।** ਉਹ ਲੋਕ ਜਿਨ੍ਹਾਂ ਨੇ ਬਾਈਬਲ ਲਿਖੀ ਹੈ ਉਨ੍ਹਾਂ ਨੇ ਆਪਣੀਆਂ ਗੱਲਾਂ, ਵਿਚਾਰਾਂ ਅਤੇ ਸ਼ਬਦਾਂ ਨੂੰ ਨਹੀਂ ਲਿਖਿਆ ਹੈ। ਬਲਕਿ, ਪਰਮੇਸ਼ੁਰ ਨੇ ਉਨ੍ਹਾਂ ਦੇ ਆਤਮਿਆਂ ਨੂੰ ਨਿਯੰਤਰਣ ਕੀਤਾ। ਪਤਰਸ ਨੇ ਜ਼ੋਰ ਦਿੱਤਾ ਕਿ "ਕਿਉਂਕਿ ਕੋਈ ਅਗੰਮ ਵਾਕ ਮਨੁੱਖ ਦੀ ਇੱਛਿਆ ਤੋਂ ਕਦੇ ਨਹੀਂ ਆਇਆ ਸਗੋਂ ਮਨੁੱਖ ਪਵਿੱਤਰ ਆਤਮਾ ਦੇ ਉਕਸਾਉਣ ਨਾਲ ਪਰਮੇਸ਼ੁਰ ਦੀ ਵੱਲੋਂ ਬੋਲਦੇ ਸਨ" (2 ਪਤਰਸ 1:21)।

ਪਰਕਾਸ਼ ਦੀ ਪੋਥੀ 22 ਅਧਿਆਇ ਤੋਂ ਬਹੁਤ ਸਾਰੇ ਵਿਚਾਰ ਪੁਸਤਕ ਦੇ ਮੁਢਲੇ ਸ਼ਬਦਾਂ ਨੂੰ ਦਰਸਾਉਂਦੇ ਹਨ। ਉਦਾਹਰਣ ਦੇ ਲਈ, 22:6 ਵਿਚ ਪਰਮੇਸ਼ੁਰ ਨੇ ਆਪਣੇ ਦੂਤ ਨੂੰ ਭੇਜਿਆ ਸੀ **ਭਈ ਜਿਹੜੀਆਂ ਗੱਲਾਂ ਛੇਤੀ ਹੋਣੀਆਂ ਹਨ ਸੋ ਆਪਣਿਆਂ ਦਾਸਾਂ ਨੂੰ ਵਿਖਾਵੇ।** ਉਹੀ ਸ਼ਬਦ ਐਪੋਕਲਿਪਸ (ਯਹੂਦੀ ਅਤੇ ਮਸੀਹੀ ਲਿਖਤਾਂ ਵਿਚੋਂ ਇੱਕ ਜੋ ਸੰਪੂਰਣ ਨਾਸ ਨੂੰ ਦਿਖਾਉਂਦੀ ਹੈ) ਦੇ ਸ਼ੁਰੂ ਵਿਚ ਪਰਗਟ ਹੁੰਦੇ ਹਨ:

> ਯਿਸੂ ਮਸੀਹ ਦਾ ਪਰਕਾਸ਼ ਜਿਹੜਾ ਪਰਮੇਸ਼ੁਰ ਨੇ *ਆਪਣਿਆਂ ਦਾਸਾਂ ਨੂੰ ਵਿਖਾਉਣ ਲਈ ਉਹ ਨੂੰ ਦਿੱਤਾ, ਅਰਥਾਤ ਓਹ ਗੱਲਾਂ ਜਿਹੜੀਆਂ ਛੇਤੀ ਹੋਣ ਵਾਲੀਆਂ ਹਨ;* ਅਤੇ ਉਸ ਨੇ ਆਪਣੇ ਦੂਤ ਦੇ ਹੱਥੀਂ ਭੇਜ ਕੇ ਆਪਣੇ ਦਾਸ ਯੂਹੰਨਾ ਨੂੰ ਉਹ ਦਾ ਪਤਾ ਦਿੱਤਾ। ਜਿਹ ਨੇ ਪਰਮੇਸ਼ੁਰ ਦੇ ਬਚਨ ਦੀ ਅਤੇ ਯਿਸੂ ਮਸੀਹ ਦੀ ਸਾਖੀ ਅਰਥਾਤ ਓਹਨਾਂ ਸਭਨਾਂ ਗੱਲਾਂ ਦੀ ਜੋ ਓਨ ਵੇਖੀਆਂ ਸਾਖੀ ਦਿੱਤੀ (1:1, 2; ਜ਼ੋਰ ਦਿੱਤਾ ਗਿਆ ਹੈ)।

**ਆਇਤ 7. ਵੇਖ, ਮੈਂ ਛੇਤੀ ਆਉਂਦਾ ਹਾਂ।** ਅਧਿਆਇ 1 ਵਿਚ, ਯੂਹੰਨਾ ਨੇ ਯਿਸੂ ਦੇ ਵਿਸ਼ੇ ਵਿਚ ਲਿਖਿਆ, "ਵੇਖ, ਮੈਂ ਛੇਤੀ ਆਉਂਦਾ ਹਾਂ" (1:7)। ਇਸ ਘਟਨਾ ਦੀ ਨਿਸ਼ਚਤਾ ਪਰਕਾਸ਼ ਦੀ

ਪੋਥੀ ਦੇ ਆਖਰੀ ਭਾਗ ਦਾ ਮੁੱਖ ਵਿਚਾਰ ਹੈ। ਇਹ ਤੱਥ ਦਾ ਕਿ ਯਿਸੂ "ਜਲਦੀ ਆ ਰਿਹਾ" ਹੈ ਅਧਿਆਇ 22 ਵਿਚ ਅਧਿਆਇ 1 ਤੋਂ 21 ਦੇ ਰੂਪ ਵਿਚ ਕਈ ਵਾਰ ਉਲੇਖ ਕੀਤਾ ਗਿਆ ਹੈ। ਯਿਸੂ ਨੇ ਤਿੰਨ ਵਾਰ ਕਿਹਾ, "ਮੈਂ ਛੇਤੀ ਆਉਂਦਾ ਹਾਂ": 7, 12 ਅਤੇ 20.

ਜਿਵੇਂ ਕਿ ਸੰਪੂਰਣ ਟਿੱਪਣੀ ਵਿਚ ਇਹ ਮਾਮਲਾ ਰਿਹਾ ਹੈ, ਅਸਥਾਈ "ਆਮਦ" ਅਤੇ ਯੁੱਗ ਦੇ ਅੰਤ ਵਿਚ ਦੂਸਰੀ ਆਮਦ ਦੇ ਹਵਾਲਿਆਂ ਦੇ ਵਿਚ ਅੰਤਰ ਕਰਨਾ ਆਸਾਨ ਨਹੀਂ ਹੈ। ਰੋਮ ਨੂੰ ਸਜ਼ਾ ਦੇਣ ਦੇ ਲਈ ਪ੍ਰਭੂ ਦੀ "ਆਮਦ" ਪਹਿਲੀ ਸਦੀ ਵਿਚ ਸਤਾਏ ਗਏ ਮਸੀਹੀਆਂ ਦੇ ਮਨਾਂ ਵਿਚ ਸ਼ਾਇਦ ਸਭ ਤੋਂ ਪ੍ਰਮੁੱਖ ਗੱਲ ਹੋਣੀ ਸੀ। ਅੱਜ ਦੇ ਯੁੱਗ ਵਿਚ ਜੀ ਰਹੇ ਮਸੀਹੀਆਂ ਲਈ, ਇਹ ਹਵਾਲੇ ਹਰ ਵਿਅਕਤੀ ਨੂੰ ਯਾਦ ਦਿਵਾਉਂਦੇ ਹਨ ਕਿ ਦੂਸਰੀ ਆਮਦ ਕਿਸੇ ਵੀ ਸਮੇਂ ਵਿਚ ਹੋ ਸਕਦੀ ਹੈ। ਦੋ ਪਰਕਾਰ ਦੀ "ਆਮਦ" ਦਾ ਇਕੱਠਾ ਮਿਸ਼ਰਣ। ਜੇ. ਡਬਲਿਯੂ. ਰੋਬਰਟਜ਼ ਨੇ ਲਿਖਿਆ ਕਿ "ਅਸਥਾਈ ਘਟਨਾਵਾਂ ਨੂੰ ਅੰਤ ਵਿਚ ਆਉਣ ਵਾਲੀਆਂ ਘਟਨਾਵਾਂ ਦੇ ਰੂਪ ਵਿਚ ਵਰਣਨ ਕੀਤਾ ਜਾ ਸਕਦਾ ਹੈ ਕਿਉਂਕਿ ਉਹ ਘਟਨਾ ਦੀ ਆਸ ਕਰਦੇ ਹਨ।"[4] ਪਰਮੇਸ਼ੁਰ ਨੇ ਇਹ ਯਾਦਗੀਰੀਆਂ ਇਸ ਲਈ ਵਿਖਾਈਆਂ ਹਨ ਤਾਂ ਕਿ ਇਹ ਪਰਗਟ ਕਰ ਸਕੇ ਕਿ ਮਸੀਹੀਆਂ ਨੂੰ ਹਮੇਸ਼ਾ ਤਿਆਰ ਰਹਿਣ ਦੀ ਲੋੜ ਹੈ, ਪਰ ਉਸ ਦਿਨ ਅਤੇ ਘੜੀ ਨੂੰ ਕੋਈ ਨਹੀਂ ਜਾਣਦਾ (24:36)।

ਪਰਕਾਸ਼ ਦੀ ਪੋਥੀ ਦੇ ਸ਼ੁਰੂਆਤੀ ਸ਼ਬਦਾਂ ਵਿਚ ਪਾਠਕਾਂ ਅਤੇ ਸੁਣਨ ਵਾਲਿਆਂ ਦੇ ਲਈ ਇੱਕ ਵਿਸ਼ੇਸ਼ ਅਸੀਸ ਸ਼ਾਮਲ ਹੈ: "ਧੰਨ ਉਹ ਜਿਹੜਾ ਇਸ ਅਗੰਮ ਵਾਕ ਦੀਆਂ ਬਾਣੀਆਂ ਨੂੰ ਪੜ੍ਹਦਾ ਹੈ, ਨਾਲੇ ਓਹ ਜਿਹੜੇ ਸੁਣਦੇ ਹਨ ਅਤੇ ਜੋ ਕੁਝ ਇਹ ਦੇ ਵਿਚ ਲਿਖਿਆ ਹੋਇਆ ਹੈ ਉਹ ਦੀ ਪਾਲਨਾ ਕਰਦੇ ਹਨ" (1:3)। ਆਖਰੀ ਅਧਿਆਇ ਵਿਚ, ਪਰਕਾਸ਼ ਦੀ ਪੋਥੀ ਵਿਚ ਉਹੀ ਅਸੀਸ ਹੈ: **ਧੰਨ ਉਹ ਜਿਹੜਾ ਇਸ ਪੋਥੀ ਦੇ ਅਗੰਮ ਵਾਕ ਦੀਆਂ ਧੰਨ ਉਹ ਜਿਹੜਾ ਇਸ ਪੋਥੀ ਦੇ ਅਗੰਮ ਵਾਕ ਦੀਆਂ ਗੱਲਾਂ ਦੀ ਪਾਲਨਾ ਕਰਦਾ ਹੈ!** ਪਰਮੇਸ਼ੁਰ ਪਾਠਕ ਨੂੰ ਯਾਦ ਦਿਵਾਉਂਦਾ ਹੈ ਕਿ ਪਰਕਾਸ਼ ਦੀ ਪੋਥੀ ਦਾ ਅਧਿਐਨ ਸਿਰਫ ਇੱਕ ਬੌਧਿਕ ਕਾਰਜ ਨਹੀਂ ਹੈ; ਇਸ ਪੁਸਤਕ ਦਾ ਉਦੇਸ਼ ਸਾਡੇ ਰਵੱਈਏ ਅਤੇ ਜੀਵਨ ਨੂੰ ਬਦਲਣਾ ਹੈ। ਇਹ ਅਸੀਸ ਪੁਸਤਕ ਵਿਚਲੇ ਸੱਤਾਂ ਪਰਮ ਸੁੱਖਾਂ ਦੇ ਵਿਚੋਂ ਛੇਵਾਂ ਸੁੱਖ ਹੈ।

## ਯੂਹੰਨਾ ਅਤੇ ਸਵਰਗਦੂਤ (22:8, 9)

**8ਮੈਂ ਯੂਹੰਨਾ ਉਹ ਹਾਂ ਜਿਹ ਨੇ ਇਨ੍ਹਾਂ ਗੱਲਾਂ ਨੂੰ ਸੁਣਿਆ ਅਤੇ ਵੇਖਿਆ, ਅਤੇ ਜਾਂ ਮੈਂ ਸੁਣਿਆ ਅਤੇ ਵੇਖਿਆ ਤਾਂ ਮੈਂ ਮੱਥਾ ਟੇਕਣ ਲਈ ਡਿੱਗ ਕੇ ਓਸ ਦੂਤ ਦੇ ਪੈਰਾਂ ਉੱਤੇ ਪਿਆ ਜਿਨ ਮੈਨੂੰ ਏਹ ਗੱਲਾਂ ਵਿਖਾਈਆਂ ਸਨ। 9ਤਾਂ ਓਸ ਮੈਨੂੰ ਆਖਿਆ ਭਈ ਇਉਂ ਨਾ ਕਰ! ਮੈਂ ਤਾਂ ਤੇਰੇ ਅਤੇ ਨਬੀਆਂ ਦੇ ਜੋ ਤੇਰੇ ਭਰਾ ਹਨ ਅਤੇ ਓਹਨਾਂ ਦੇ ਜਿਹੜੇ ਇਸ ਪੋਥੀ ਦੀਆਂ ਗੱਲਾਂ ਦੀ ਪਾਲਨਾ ਕਰਦੇ ਹਨ ਨਾਲ ਦਾ ਦਾਸ ਹਾਂ। ਪਰਮੇਸ਼ੁਰ ਨੂੰ ਮੱਥਾ ਟੇਕ!**

**ਆਇਤ 8.** ਯੂਹੰਨਾ ਨੇ ਲਿਖਿਆ, **ਮੈਂ ਯੂਹੰਨਾ ਉਹ ਹਾਂ ਜਿਹ ਨੇ ਇਨ੍ਹਾਂ ਗੱਲਾਂ ਨੂੰ ਸੁਣਿਆ ਅਤੇ ਵੇਖਿਆ।** ਮੂਲ ਲਿਖਤ ਵਿਚ, **ਮੈਂ** ਉੱਤੇ ਜ਼ੋਰ ਦਿੱਤਾ ਗਿਆ ਹੈ। ਯੂਹੰਨਾ ਚਾਹੁੰਦਾ ਸੀ ਕਿ ਉਸ ਦੇ ਪਾਠਕ ਉਸ ਦੀ ਲਿਖਤ ਦੀ ਪ੍ਰਮਾਣਿਕਤਾ ਦੇ ਪ੍ਰਤੀ ਨਿਸ਼ਚਤ ਹੋਣ। ਉਹ ਇਹ ਵੀ ਚਾਹੁੰਦਾ ਸੀ ਕਿ ਉਹ ਜਾਣਨ ਕਿ ਇਹ ਪੁਸਤਕ ਉਸ ਦੀ ਅੱਤ ਪ੍ਰਭਾਵੀ ਕਲਪਨਾ ਦਾ ਸਿੱਟਾ ਨਹੀਂ ਹੈ, ਪਰ ਉਸ ਨੇ ਬਸ ਉਹੀ ਲਿਖਿਆ ਹੈ ਜੋ ਉਸ ਨੇ ਵੇਖਿਆ ਅਤੇ ਸੁਣਿਆ ਸੀ। ਇਸ ਪ੍ਰਕਾਰ ਪਰਮੇਸ਼ੁਰ ਪਾਠਕ ਨੂੰ ਯਾਦ ਕਰਵਾਉਂਦਾ ਹੈ ਕਿ ਪਰਕਾਸ਼ ਦੀ ਪੋਥੀ, ਜਿਵੇਂ ਕੋਈ ਕੋਈ ਸੋਚਦਾ ਹੈ, ਉਦਾਸੀਨ

ਸੋਮਿਆਂ ਤੋਂ ਵਿਚਾਰਾਂ ਦਾ ਵਰਗੀਕਰਨ ਨਹੀਂ ਹੈ, ਪਰ ਇਹ *ਉਸ* ਤੋਂ ਆਉਂਦੀ ਹੈ।

ਜਦੋਂ ਸਵਰਗਦੂਤ ਨੇ ਯੂਹੰਨਾ ਨੂੰ ਸਵਰਗ ਦੇ ਵਿਸ਼ੇ ਵਿਚ ਦੱਸਿਆ, ਤਾਂ ਰਸੂਲ ਇੱਕ ਵਾਰ ਫਿਰ ਘਬਰਾ ਗਿਆ ਜਿਵੇਂ ਉਹ ਅਧਿਆਇ 19 ਵਿਚ ਘਬਰਾ ਗਿਆ ਸੀ – ਅਤੇ ਉਸ ਨੇ ਉਹੀ ਗਲਤੀ ਕੀਤੀ: **ਅਤੇ ਜਾਂ ਮੈਂ ਸੁਣਿਆ ਅਤੇ ਵੇਖਿਆ ਤਾਂ ਮੈਂ ਮੱਥਾ ਟੇਕਣ ਲਈ ਡਿੱਗ ਕੇ ਓਸ ਦੂਤ ਦੇ ਪੈਰਾਂ ਉੱਤੇ ਪਿਆ ਜਿਨ ਮੈਨੂੰ ਏਹ ਗੱਲਾਂ ਵਿਖਾਈਆਂ ਸਨ।**

ਬਰਟਨ ਕੌਫ਼ਮੈਨ ਨੇ ਸੁਝਾਅ ਦਿੱਤਾ ਕਿ ਇੱਥੇ ਯੂਹੰਨਾ ਦੀ ਕਾਰਵਾਈ ਅਧਿਆਇ 19 ਨਾਲੋਂ ਵੱਖਰੀ ਸੀ।[5] ਅਧਿਆਇ 19 ਕਹਿੰਦਾ ਹੈ ਕਿ ਰਸੂਲ "*ਸਵਰਗਦੂਤ* ਨੂੰ ਮੱਥਾ ਟੇਕਣ ਲਈ" ਉਸ ਦੇ ਪੈਰੀਂ ਪਿਆ (19:10; ਜ਼ੋਰ ਦਿੱਤਾ ਗਿਆ ਹੈ), ਜਦਕਿ ਅਧਿਆਇ 22 ਸਧਾਰਣ ਤੌਰ ਤੇ ਕਹਿੰਦਾ ਹੈ ਕਿ ਰਸੂਲ **ਮੱਥਾ ਟੇਕਣ ਲਈ** ਸਵਰਦੂਤ ਦੇ ਚਰਨੀ ਡਿੱਗ ਪਿਆ। ਕੌਫ਼ਮੈਨ ਦੇ ਅਨੁਸਾਰ, ਦੂਸਰੀ ਵਾਰ ਯੂਹੰਨਾ ਦਾ ਉਦੇਸ਼ ਪਰਮੇਸ਼ੁਰ ਦੀ ਉਪਾਸਨਾ ਕਰਨਾ ਸੀ, ਅਤੇ ਉਸ ਦਾ ਪਾਪ ਸੀ ਕਿ ਉਸ ਨੇ ਪਰਮੇਸ਼ੁਰ ਦੇ ਸਵਰਗਦੂਤ ਦੇ ਸਾਹਮਣੇ ਝੁੱਕ ਕੇ ਅਜਿਹਾ ਕਰਨ ਦੀ ਕੋਸ਼ਿਸ਼ ਕੀਤੀ ਸੀ। ਦੋਵੇਂ ਅੰਸ਼ ਇੰਨੇ ਸਮਾਂਤਰ ਹਨ ਕਿ ਉਹ ਯੂਹੰਨਾ ਦੇ ਦੁਆਰਾ ਸ਼ਾਇਦ ਯੂਹੰਨਾ ਦੇ ਦੁਆਰਾ ਕੀਤੀ ਗਈ ਇੱਕੋ ਗਲਤੀ ਨੂੰ ਦਰਸਾਉਂਦੇ ਹਨ: ਰਚਨਹਾਰੇ ਦੀ ਬਜਾਇ ਰਚਨਾ ਦੀ ਉਪਾਸਨਾ ਕਰਨਾ। ਫਿਰ ਵੀ, ਕੌਫ਼ਮੈਨ ਦਾ ਸੁਝਾਅ ਵਿਚਾਰ ਕਰਨ ਦੇ ਯੋਗ ਹੈ।

ਆਇਤ 9. ਸਵਰਗਦੂਤ ਨੇ 19:10 ਦੇ ਸੰਦੇਸ਼ ਨੂੰ ਦੁਹਰਾਇਆ: ਇਉਂ ਨਾ ਕਰ! ਮੈਂ ਤਾਂ ਤੇਰੇ ਅਤੇ ਨਬੀਆਂ ਦੇ ਜੋ ਤੇਰੇ ਭਰਾ ਹਨ ਅਤੇ ਓਹਨਾਂ ਦੇ ਜਿਹੜੇ ਇਸ ਪੋਥੀ ਦੀਆਂ ਗੱਲਾਂ ਦੀ ਪਾਲਨਾ ਕਰਦੇ ਹਨ ਨਾਲ ਦਾ ਦਾਸ ਹਾਂ। ਪਰਮੇਸ਼ੁਰ ਨੂੰ ਮੱਥਾ ਟੇਕ! ਸਵਰਗਦੂਤ ਯੂਹੰਨਾ ਦੇ ਸਮਾਨ ਹੁਕਮਾਂ ਦੇ ਅਧੀਨ ਸੀ, ਇਸ ਲਈ ਉਹ ਉਪਾਸਨਾ ਕੀਤੀ ਜਾਣ ਵਾਲੀ ਵਸਤੂ ਨਹੀਂ ਬਣ ਸਕਦਾ ਸੀ। "ਇਹ ਬਾਅਦ ਵਿਚ ਆਉਣ ਵਾਲੀ ਕਲੀਸੀਆ ਦੇ ਇਤਹਾਸ ਦੀਆਂ ਦੁਖਦਾਇਕ ਘਟਨਾਵਾਂ ਵਿਚੋਂ ਇੱਕ ਸੀ ਕਿ ਉਨ੍ਹਾਂ ਨੇ ਇੱਕ ਸੱਚੇ ਪਰਮੇਸ਼ੁਰ ਦੀ ਉਪਾਸਨਾ ਤੋਂ ਮੂੰਹ ਫੇਰ ਲਿਆ ਅਤੇ ਉਨ੍ਹਾਂ ਨੇ ਆਪਣੀ ਉਪਾਸਨਾ ਕਰਨ ਦੀਆਂ ਵਸਤੂਆਂ ਵਿਚ ਸਵਰਗਦੂਤਾਂ ਦੀ ਇੱਕ ਅਕਾਸ਼ਗੰਗਾ ਅਤੇ 'ਸੰਤਾਂ' ਨੂੰ ਸ਼ਾਮਲ ਕੀਤਾ।"[6]

## "ਪੋਥੀ ਉੱਥੇ ਮੋਹਰ ਨਾ ਲਾ" (22:10, 11)

**[10]ਤਾਂ ਓਸ ਮੈਨੂੰ ਆਖਿਆ ਭਈ ਇਸ ਪੋਥੀ ਦੇ ਅਗੰਮ ਵਾਕ ਦੀਆਂ ਬਾਣੀਆਂ ਉੱਤੇ ਮੋਹਰ ਨਾ ਲਾ ਕਿਉਂ ਜੋ ਸਮਾ ਨੇੜੇ ਹੈ! [11]ਜਿਹੜਾ ਕੁਧਰਮੀ ਹੈ ਉਹ ਅਗਾਹਾਂ ਨੂੰ ਕੁਧਰਮ ਕਰੀ ਜਾਏ ਅਤੇ ਜਿਹੜਾ ਪਲੀਤ ਹੈ ਉਹ ਅਗਾਹਾਂ ਨੂੰ ਪਲੀਤ ਹੋਈ ਜਾਏ ਅਤੇ ਜਿਹੜਾ ਧਰਮੀ ਹੈ ਉਹ ਅਗਾਹਾਂ ਨੂੰ ਧਰਮ ਕਰੀ ਜਾਏ ਅਤੇ ਜਿਹੜਾ ਪਵਿੱਤਰ ਹੈ ਉਹ ਅਗਾਹਾਂ ਨੂੰ ਪਵਿੱਤਰ ਹੋਈ ਜਾਏ।**

ਆਇਤ 7 ਨੇ ਆਗਿਆਕਾਰੀ ਦੀ ਲੋੜ ਤੇ ਜ਼ੋਰ ਦਿੱਤਾ ਹੈ (ਵੇਖੋ ਆਇਤਾਂ 14, 15), ਪਰ ਸਾਨੂੰ ਪਰਮੇਸ਼ੁਰ ਦੇ ਹੁਕਮ ਦਾ ਪਾਲਣ *ਕਦੋਂ* ਕਰਨਾ ਚਾਹੀਦਾ ਹੈ? ਇਸ ਪ੍ਰਸ਼ਨ ਦਾ ਉੱਤਰ ਆਇਤ 10 ਅਤੇ 11 ਵਿਚ ਦੱਸਿਆ ਗਿਆ ਹੈ, ਉਹ ਆਇਤਾਂ ਜਿਨ੍ਹਾਂ ਵਿਚ ਅਜੀਬ ਭਾਸ਼ਾ ਸ਼ਾਮਲ ਹੈ।

**ਆਇਤ 10. ਤਾਂ ਓਸ ਮੈਨੂੰ ਆਖਿਆ ਭਈ ਇਸ ਪੋਥੀ ਦੇ ਅਗੰਮ ਵਾਕ ਦੀਆਂ ਬਾਣੀਆਂ ਉੱਤੇ ਮੋਹਰ ਨਾ ਲਾ ਕਿਉਂ ਜੋ ਸਮਾ ਨੇੜੇ ਹੈ!** ਵਾਕ **ਸਮਾ ਨੇੜੇ ਹੈ** ਪਾਠਕ ਨੂੰ ਯਾਦ ਦਿਵਾਉਂਦਾ ਹੈ ਕਿ ਪਰਕਾਸ਼ ਦੀ ਪੋਥੀ ਦਾ ਮੁੱਖ ਉਦੇਸ਼ ਉਸ ਸਮੇਂ ਦੇ ਸਤਾਏ ਜਾ ਰਹੇ ਮਸੀਹੀਆਂ ਨੂੰ

ਉਤਸਾਹਿਤ ਕਰਨਾ ਸੀ, ਨਾ ਕਿ ਹਜ਼ਾਰਾਂ ਸਾਲ ਬਾਅਦ ਵਿਚ ਹੋਣ ਵਾਲੀਆਂ ਘਟਨਾਵਾਂ ਦੀ ਸਮੇਂ ਸਾਰਣੀ ਦੇਣਾ। **ਬਾਣੀਆਂ ਉੱਤੇ ਮੋਹਰ ਨਾ ਲਾ** ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ *ਇਸ ਤੋਂ ਬਾਅਦ* ਸੰਦੇਸ਼ ਨੂੰ ਦੂਰ ਦੂਰ ਤੱਕ ਫੈਲਾਇਆ ਜਾਣਾ ਸੀ। ਇਹ ਹੁਕਮ ਦਾਨੀਏਲ ਨੂੰ ਦਿੱਤੇ ਗਏ ਨਿਰਦੇਸ਼ਾਂ ਤੋਂ ਉਲਟ ਸੀ, ਜਿਸ ਨੂੰ ਹੁਕਮ ਦਿੱਤਾ ਗਿਆ ਸੀ ਕਿ ਆਪਣੇ ਸੰਦੇਸ਼ ਨੂੰ "ਮੋਹਰ ਲਾ ਰੱਖ" (ਦਾਨੀਏਲ 12:4)।

**ਆਇਤ 11.** ਯੂਹੰਨਾ ਨੂੰ ਨਿਰਦੇਸ਼ ਦਿੱਤਾ ਗਿਆ ਸੀ, **ਜਿਹੜਾ ਕੁਧਰਮੀ ਹੈ ਉਹ ਅਗਾਹਾਂ ਨੂੰ ਕੁਧਰਮ ਕਰੀ ਜਾਏ ਅਤੇ ਜਿਹੜਾ ਪਲੀਤ ਹੈ ਉਹ ਅਗਾਹਾਂ ਨੂੰ ਪਲੀਤ ਹੋਈ ਜਾਏ ਅਤੇ ਜਿਹੜਾ ਧਰਮੀ ਹੈ ਉਹ ਅਗਾਹਾਂ ਨੂੰ ਧਰਮ ਕਰੀ ਜਾਏ ਅਤੇ ਜਿਹੜਾ ਪਵਿੱਤਰ ਹੈ ਉਹ ਅਗਾਹਾਂ ਨੂੰ ਪਵਿੱਤਰ ਹੋਈ ਜਾਏ।** ਇਹ ਸਮਝਣਾ ਅਸਾਨ ਹੈ ਕਿ ਕਿਉਂ ਪ੍ਰਭੂ ਚਾਹੁੰਦਾ ਹੈ ਕਿ **ਧਰਮੀ** ਅਗਾਂਹ ਤੋਂ ਧਰਮੀ ਬਣਿਆ ਰਹੇ, ਅਤੇ ਕਿਉਂ **ਪਵਿੱਤਰ** ਅਗਾਂਹ ਤੋਂ ਪਵਿੱਤਰ ਹੋਈ ਜਾਏ – ਪਰ ਉਸ ਨੇ ਆਪਣੇ ਸਵਰਗਦੂਤ ਨੂੰ ਇਹ ਕਹਿਣ ਦੇ ਲਈ ਕਿਉਂ ਕਿਹਾ ਸੀ ਕਿ ਜੋ ਕੁਧਰਮੀ ਅਤੇ **ਪਲੀਤ** ਹੈ ਉਹ ਆਪਣੇ ਬੁਰੇ ਕੰਮਾਂ ਦੇ ਵਿਚ ਹੀ ਬਣੇ ਰਹਿਣ? ਇਹ ਉਦਾਹਰਣ ਉਨ੍ਹਾਂ ਸਮਿਆਂ ਵਿਚੋਂ ਇੱਕ ਹੈ ਜਦੋਂ ਅਸੀਂ ਇਸ ਦੇ ਵਿਸ਼ੇ ਵਿਚ ਹੋਰ ਵੀ ਜ਼ਿਆਦਾ ਆਤਮ ਵਿਸ਼ਵਾਸੀ ਹੋ ਸਕਦੇ ਹਾਂ ਕਿ ਇੱਕ ਹਵਾਲਾ ਕੀ *ਨਹੀਂ* ਸਿਖਾਉਂਦਾ ਹੈ ਬਜਾਇ ਇਸ ਦੇ ਕਿ ਇਹ ਕੀ ਸਿਖਾਉਂਦਾ ਹੈ: (1) ਇਹ ਇਸ ਗੱਲ ਨੂੰ *ਨਹੀਂ* ਸਿਖਾਉਂਦਾ ਹੈ ਕਿ, ਇੱਕ ਆਦਮੀ ਭਾਵੇਂ ਕਿਸੇ ਵੀ ਤਰ੍ਹਾਂ ਦਾ ਜੀਵਨ ਕਿਉਂ ਨਾ ਜੀਉਂਦਾ ਹੋਵੇ, ਉਹ ਸਵਰਗ ਵਿਚ ਜਾਵੇਗਾ (ਵੇਖੋ ਆਇਤਾਂ 14, 15)। (2) ਇਸ ਦਾ ਉਦੇਸ਼ ਗਲਤ ਕੰਮ ਕਰਨ ਦੇ ਲਈ ਉਤਸਾਹਿਤ ਕਰਨਾ *ਨਹੀਂ* ਹੈ ਕਿਉਂਕਿ ਇਸ ਹਵਾਲੇ ਦਾ ਜ਼ੋਰ *ਸਹੀ ਕੰਮ* ਕਰਦੇ ਰਹਿਣ ਦੇ ਉੱਤੇ ਹੈ। (3) ਇਹ ਇਸ ਪ੍ਰਕਾਰ *ਨਹੀਂ* ਸਿਖਾਉਂਦਾ ਕਿ ਉਹ ਸਭ ਜੋ ਪਾਪ ਕਰਦੇ ਹਨ ਆਸਹੀਣ ਮਾਮਲੇ ਹਨ, ਅਤੇ ਉਨ੍ਹਾਂ ਦੇ ਵਿਸ਼ੇ ਵਿਚ ਪਰੇਸ਼ਾਨ ਹੋਣਾ ਬੇਕਾਰ ਹੈ। ਆਇਤ 17 ਵਿਚਲੇ ਇਸ ਸੱਦੇ ਉੱਤੇ ਧਿਆਨ ਦਿਓ।

ਤਾਂ, ਫਿਰ, ਆਇਤ 11 ਦਾ ਕੀ ਮਕਸਦ *ਹੈ*? ਸਮੇਂ ਦੀ ਕਮੀ ਦੇ ਕਾਰਨ ਇਸ ਆਇਤ ਦੇ ਪਹਿਲਾਂ ਅਤੇ ਬਾਅਦ ਵਿਚ ਜ਼ੋਰ ਦੇਣ ਦੇ ਸੰਬੰਧ ਵਿਚ (ਆਇਤਾਂ 10, 12), ਸੰਦੇਸ਼ ਸ਼ਾਇਦ ਇਹ ਹੈ ਕਿ ਸਮਾਂ ਅਤੇ ਮੌਕਾ ਨਿਕਲਦੇ ਜਾ ਰਹੇ ਹਨ। ਜੇਕਰ ਦੁਸ਼ਟ ਆਪਣੇ ਜੀਵਨਾਂ ਨੂੰ ਇਕਦਮ ਨਹੀਂ ਬਦਲਦੇ ਤਾਂ, ਬਹੁਤ ਹੀ ਦੇਰ ਹੋ ਜਾਵੇਗੀ। ਜੋ ਲੋਕ ਤਿਆਰ ਨਹੀਂ ਹਨ ਉਹ ਅਨੰਤ ਕਾਲ ਤੱਕ ਤਿਆਰ ਨਹੀਂ ਰਹਿਣਗੇ, ਜਦਕਿ ਉਹ ਲੋਕ ਜੋ ਇਸ ਜੀਵਨ ਵਿਚ ਤਿਆਰ ਹਨ ਉਹ ਅਨੰਤ ਕਾਲ ਤੱਕ ਆਪਣੇ ਰੁਤਬੇ ਦੇ ਵਿਚ ਬਰਕਰਾਰ ਰਹਿਣਗੇ।

ਆਇਤ 11 ਦੇ ਵਿਸ਼ੇ ਵਿਚ ਹੋਰ ਸੰਭਾਵਨਾਵਾਂ ਵੀ ਮੌਜੂਦ ਹਨ: ਹੋ ਸਕਦਾ ਹੈ ਕਿ ਇਸ ਵਿਚ ਇੱਕ ਵਿਅੰਗ ਅਤੇ ਤਾਨਾ ਸ਼ਾਮਲ ਹੋਵੇ: "ਅੱਗੇ ਵਧੋ ਅਤੇ ਆਪਣੀ ਮਨ ਮਰਜ਼ੀ ਦਾ ਜੀਵਨ ਜੀਓ . . . ਪਰ ਨਤੀਜੇ ਭੁਗਤਣ ਦੇ ਲਈ ਤਿਆਰ ਰਹੋ।" ਕੁਝ ਲੋਕ ਉਪਦੇਸ਼ਕ ਦੀ ਪੋਥੀ 11:9 ਦੇ ਨਾਲ ਇੱਕ ਸਮਾਨਤਾ ਨੂੰ ਵੇਖਦੇ ਹਨ, ਜਿੱਥੇ ਇੱਕ ਨੌਜਵਾਨ ਨੂੰ ਕਿਹਾ ਗਿਆ ਹੈ ਕਿ ਉਹ ਆਪਣੇ ਮਨ ਦੀਆਂ ਲਾਲਸਾਵਾਂ ਦੇ ਅਨੁਸਾਰ ਚੱਲੇ, ਪਰ ਇਸ ਗੱਲ ਨੂੰ ਯਾਦ ਰੱਖੇ ਕਿ "ਏਹਨਾਂ ਸਾਰੀਆਂ ਗੱਲਾਂ ਦੇ ਲਈ" ਪਰਮੇਸ਼ੁਰ ਉਸ ਦਾ ਨਿਆਉਂ ਕਰੇਗਾ। ਦੂਸਰੀ ਆਇਤ 11 ਦੇ ਪਹਿਲੇ ਭਾਗ ਵਿਚ ਅਸੀਂ ਉਨ੍ਹਾਂ ਲੋਕਾਂ ਦਾ ਵਰਣਨ ਵੇਖਦੇ ਹਨ ਜੋ ਪਾਪ ਦੇ ਕਾਰਨ ਇੰਨੇ ਕਠੋਰ ਹੋ ਚੁੱਕੇ ਹਨ ਕਿ ਉਹ ਬਦਲ ਨਹੀਂ ਸਕਦੇ (ਵੇਖੋ ਇਬਰਾਨੀਆਂ 6:4-6)।

ਆਇਤ 10 ਅਤੇ 11 ਤੋਂ ਘੱਟੋ ਘੱਟ ਇਹ ਸਪੱਸ਼ਟ ਹੋ ਗਿਆ ਹੈ ਕਿ: ਸਿਰਫ ਇੱਕੋ ਸਮਾਂ ਹੈ ਜਿਸ ਵਿਚ ਇੱਕ ਮਨੁੱਖ ਨਿਸ਼ਚਿਤ ਕਰ ਸਕਦਾ ਹੈ ਉਹ ਵਰਤਮਾਨ ਸਮਾਂ ਹੈ। ਬਾਈਬਲ ਸਿਖਾਉਂਦੀ ਹੈ ਕਿ "*ਹੁਣ* ਹੀ 'ਮੁਕਤੀ ਦਾ ਦਿਨ ਹੈ'" (2 ਕੁਰਿੰਥੀਆਂ 6:2; ਜ਼ੋਰ ਦਿੱਤਾ ਗਿਆ

ਹੈ)। ਜੇਕਰ ਇੱਕ ਵਿਅਕਤੀ ਜਾਣਦਾ ਹੈ ਕਿ ਉਸ ਨੂੰ ਪ੍ਰਭੂ ਨੂੰ ਪ੍ਰਤਿਉੱਤਰ ਦੇਣ ਦੀ ਲੋੜ ਹੈ ਅਤੇ ਉਹ ਅਜਿਹਾ ਕਰਨ ਵਿਚ ਅਸਫਲ ਰਹਿੰਦਾ ਹੈ, ਤਾਂ ਤਿੰਨਾਂ ਵਿਚੋਂ ਇੱਕ ਚੀਜ਼ ਹੋ ਸਕਦੀ ਹੈ: ਮਸੀਹ ਆ ਸਕਦਾ ਹੈ (ਪਰਕਾਸ਼ ਦੀ ਪੋਥੀ 1:7; 22:7, 12, 20), ਉਸ ਵਿਅਕਤੀ ਦੀ ਮੌਤ ਹੋ ਸਕਦੀ ਹੈ (ਇਬਰਾਨੀਆਂ 9:27), ਜਾਂ ਉਹ ਪਾਪ ਵਿਚ ਇੰਨਾ ਕਠੋਰ ਹੋ ਸਕਦਾ ਹੈ ਕਿ ਉਸ ਨੂੰ ਤੋਬਾ ਕਰਨ ਦੇ ਲਈ ਦੁਬਾਰਾ ਨਵਾਂ ਕਰਨਾ ਅਣਹੋਣਾ ਹੋ ਸਕਦਾ ਹੈ (ਇਬਰਾਨੀਆਂ 6:4-6)।

## "ਮੈਂ ਜਲਦੀ ਆ ਰਿਹਾ ਹਾਂ" (22:12-15)

**12ਵੇਖ, ਮੈਂ ਛੇਤੀ ਆਉਂਦਾ ਹਾਂ ਅਤੇ ਫਲ ਮੇਰੇ ਕੋਲ ਹੈ ਭਈ ਮੈਂ ਹਰੇਕ ਨੂੰ ਜਿਹਾ ਜਿਸ ਦਾ
ਕੰਮ ਹੈ ਤਿਹਾ ਉਹ ਨੂੰ ਬਦਲਾ ਦਿਆਂ। 13ਮੈਂ ਅਲਫਾ ਅਤੇ ਓਮੇਗਾ, ਪਹਿਲਾ ਅਤੇ ਪਿਛਲਾ,
ਆਦ ਅਤੇ ਅੰਤ ਹਾਂ। 14ਧੰਨ ਓਹ ਜਿਹੜੇ ਆਪਣੇ ਬਸਤ੍ਰ ਧੋ ਲੈਂਦੇ ਹਨ ਭਈ ਓਹਨਾਂ ਨੂੰ
ਜੀਵਨ ਦੇ ਬਿਰਛ ਦੇ ਉੱਤੇ ਹੱਕ ਹੋਵੇ ਅਤੇ ਓਹ ਦਰਵੱਜਿਆਂ ਥਾਣੀਂ ਉਸ ਨਗਰੀ ਦੇ ਅੰਦਰ
ਜਾਣ। 15ਬਾਹਰ ਹਨ ਕੁੱਤੇ, ਜਾਦੂਗਰ, ਹਰਾਮਕਾਰ, ਖ਼ੂਨੀ, ਮੂਰਤੀਪੂਜਕ ਅਤੇ ਹਰ ਕੋਈ
ਜਿਹੜਾ ਝੂਠ ਨੂੰ ਪਸੰਦ ਕਰਦਾ ਅਤੇ ਕਮਾਉਂਦਾ ਹੈ।**

**ਆਇਤ 12.** ਪਰਕਾਸ਼ ਦੀ ਪੋਥੀ ਦਯਾ ਦੇ ਉੱਤੇ ਜ਼ੋਰ ਦੇਣ ਦੇ ਨਾਲ ਸ਼ੁਰੂ ਅਤੇ ਖਤਮ ਹੁੰਦੀ ਹੈ (1:4; 22:21), ਪਰ ਇਸ ਪੁਸਤਕ ਨੇ ਆਗਿਆਕਾਰੀ, ਕੰਮਾਂ, ਅਤੇ ਅਸੀਂ ਕਿਸ ਪ੍ਰਕਾਰ ਦਾ ਜੀਵਨ ਬੀਤਾਉਂਦੇ ਹਾਂ ਉਸ ਉੱਤੇ ਵੀ ਬਹੁਤ ਜ਼ਿਆਦਾ ਜ਼ੋਰ ਦਿੱਤਾ ਹੈ (2:2; 14:13; 20:12)। ਯਿਸੂ ਦੀ ਦੁਬਾਰਾ ਪੁਸ਼ਟੀ ਤੋਂ ਬਾਅਦ ਕਿ, **ਵੇਖ, ਮੈਂ ਛੇਤੀ ਆਉਂਦਾ ਹਾਂ** ਉਸ ਨੇ ਕਿਹਾ, **ਅਤੇ ਫਲ ਮੇਰੇ ਕੋਲ ਹੈ ਭਈ ਮੈਂ ਹਰੇਕ ਨੂੰ ਜਿਹਾ ਜਿਸ ਦਾ ਕੰਮ ਹੈ ਤਿਹਾ ਉਹ ਨੂੰ ਬਦਲਾ ਦਿਆਂ** (ਆਇਤਾਂ 7, 20 ਤੇ ਟਿੱਪਣੀਆਂ ਵੇਖੋ)। ਯੂਨਾਨੀ ਸ਼ਬਦ, μισθός (*ਮਿਸਥੋਸ*), ਜਿਸ ਦਾ ਅਨੁਵਾਦ **ਫਲ** ਹੈ, **ਜਿਸ ਦਾ ਅਰਥ ਜੋ ਦੇਣ ਵਾਲਾ ਹੈ;** ਕਈ ਵਾਰ ਇਸ ਦਾ ਉਲੇਖ ਮਜ਼ਦੂਰੀ ਦਾ ਉਲੇਖ ਕਰਨ ਦੇ ਲਈ ਕੀਤਾ ਗਿਆ ਸੀ (ਵੇਖੋ ਮੱਤੀ 20:8; ਲੂਕਾ 10:7; ਯੂਹੰਨਾ 4:36; 1 ਤਿਮੋਥਿਉਸ 5:18; ਯਾਕੂਬ 5:4)। ਅਸੀਂ ਆਪਣੇ ਕੰਮਾਂ ਦੇ *ਦੁਆਰਾ* ਨਹੀਂ ਬਚਾਏ ਗਏ ਹਾਂ (ਅਫ਼ਸੀਆਂ 2:8, 9), ਅਤੇ ਨਾ ਹੀ ਅਸੀਂ ਉਨ੍ਹਾਂ ਤੋਂ *ਬਿਨਾਂ* ਬਚਾਏ ਜਾ ਸਕਦੇ ਹਾਂ (ਯਾਕੂਬ 2:24)।

**ਆਇਤ 13.** ਅਧਿਆਇ 1 ਵਿਚ ਪਰਮੇਸ਼ੁਰ ਅਤੇ ਮਸੀਹ ਦੇ ਲਈ ਵਿਸ਼ੇਸ਼ ਅਹੁਦੇ ਸ਼ਾਮਲ ਸਨ। 1:8 ਵਿਚ ਪ੍ਰਭੂ ਨੇ ਕਿਹਾ, "ਮੈਂ ਅਲਫਾ ਅਤੇ ਓਮੇਗਾ ਹਾਂ।" ਆਮ ਸ਼ਬਦ "ਪ੍ਰਭੂ" ਵਰਤਿਆ ਗਿਆ ਹੈ ਕਿਉਂਕਿ ਉਸ ਆਇਤ ਵਿਚ ਇਹ ਅਸਪੱਸ਼ਟ ਹੈ ਕਿ ਪਿਤਾ ਬੋਲ ਰਿਹਾ ਹੈ ਜਾਂ ਪੁੱਤਰ ਬੋਲ ਰਿਹਾ ਹੈ (1:8 ਤੇ ਟਿੱਪਣੀਆਂ ਵੇਖੋ)। ਫਿਰ 1:17 ਵਿਚ ਯਿਸੂ ਨੇ ਕਿਹਾ, "ਮੈਂ ਪਹਿਲਾ ਅਤੇ ਪਿਛਲਾ ਹਾਂ" (1:17 ਤੇ ਟਿੱਪਣੀਆਂ ਵੇਖੋ)। ਹੁਣ ਅਧਿਆਇ 22 ਵਿਚ ਯਿਸੂ ਨੇ ਕਿਹਾ, **ਮੈਂ ਅਲਫਾ ਅਤੇ ਓਮੇਗਾ, ਪਹਿਲਾ ਅਤੇ ਪਿਛਲਾ, ਆਦ ਅਤੇ ਅੰਤ ਹਾਂ**। ਪਰਮੇਸ਼ੁਰ ਚਾਹੁੰਦਾ ਹੈ ਕਿ ਮਸੀਹੀ ਲੋਕ ਯਾਦ ਰੱਖਣ ਕਿ ਉਸ ਦਾ ਪੁੱਤਰ ਈਸ਼ੁਰੀ ਹੈ ਅਤੇ ਉਸ ਦਾ ਆਦਰ ਅਤੇ ਆਗਿਆਕਾਰੀ ਕੀਤੀ ਜਾਣੀ ਚਾਹੀਦੀ ਹੈ।

**ਆਇਤ 14.** ਪਾਠਕ ਨੂੰ ਪਹਿਲਾਂ ਤੋਂ ਹੀ ਦੱਸਿਆ ਗਿਆ ਹੈ ਕਿ ਉਹ ਲੋਕ ਜਿਹੜੇ ਲੋਕ ਪੋਥੀ ਦੀਆਂ ਸਿੱਖਿਆਵਾਂ ਤੇ "ਪਾਲਨਾ" ਕਰਦੇ ਹਨ ਉਹ ਧੰਨ ਹੋਣਗੇ (ਆਇਤ 7)। ਆਇਤ 14 ਵਿਚਾਰਾਂ ਦਾ ਵਿਸਥਾਰ ਕਰਦੀ ਹੈ: **ਧੰਨ ਓਹ ਜਿਹੜੇ ਆਪਣੇ ਬਸਤ੍ਰ ਧੋ ਲੈਂਦੇ ਹਨ ਭਈ ਓਹਨਾਂ ਨੂੰ ਜੀਵਨ ਦੇ ਬਿਰਛ ਦੇ ਉੱਤੇ ਹੱਕ ਹੋਵੇ ਅਤੇ ਓਹ ਦਰਵੱਜਿਆਂ ਥਾਣੀਂ ਉਸ ਨਗਰੀ**

**ਦੇ ਅੰਦਰ ਜਾਣ।** ਇਹ ਬਰਕਤ ਪਰਕਾਸ਼ ਦੀ ਪੋਥੀ ਵਿਚਲੇ ਸੱਤ ਪਰਮ ਸੁੱਖਾਂ ਵਿਚੋਂ ਅੰਤਿਮ ਹੈ (1:3; 14:13; 16:15; 19:9; 20:6; 22:7, 14)।

ਇਹ ਵਾਕ **ਜਿਹੜੇ ਆਪਣੇ ਬਸਤ੍ਰ ਧੋ ਲੈਂਦੇ ਹਨ** ਪਰਮੇਸ਼ੁਰ ਦੀਆਂ ਬਰਕਤਾਂ ਦਾ ਅਨੰਦ ਮਾਣ ਸਕਣ ਦੇ ਲਈ ਮਨੁੱਖ ਜਾਤੀ ਦੇ ਵੱਲੋਂ ਪਰਮੇਸ਼ੁਰ ਦੀ ਦਯਾ ਦੇ ਪ੍ਰਤਿ ਕੀਤੀ ਜਾਣ ਵਾਲੀ ਪ੍ਰਤਿਕਿਰਿਆ ਵੱਲ ਸੰਕੇਤ ਕਰਦਾ ਹੈ। ਅਸਲੀ ਮੂਲਲਿਖਤ ਵਿਚ, "ਧੋਣਾ" ਵਰਤਮਾਨ ਕਾਲ ਵਿਚ ਹੈ ਅਤੇ ਇਸ ਦਾ ਅਨੁਵਾਦ "ਧੋਣਾ ਜਾਰੀ ਰੱਖੋ" ਕੀਤਾ ਜਾ ਸਕਦਾ ਹੈ। ਜਦੋਂ ਮਸੀਹੀ ਲੋਕ ਨਿਰੰਤਰ ਪਰਮੇਸ਼ੁਰ ਦੇ ਵਚਨ ਦੇ ਪਰਕਾਸ਼ ਵਿਚ ਚੱਲਦੇ ਹਨ, ਤਾਂ ਮਸੀਹ ਦਾ ਲਹੂ ਨਿਰੰਤਰ ਉਨ੍ਹਾਂ ਨੂੰ ਉਨ੍ਹਾਂ ਦੇ ਪਾਪਾਂ ਤੋਂ ਸ਼ੁੱਧ ਕਰਦਾ ਰਹਿੰਦਾ ਹੈ (1 ਯੂਹੰਨਾ 1:7)।

ਇੱਥੇ KJV ਦਾ ਇੱਕ ਵਿਕਲਪੀ ਪਾਠ ਹੈ: "ਧੰਨ ਹਨ ਉਹ ਜੋ ਉਸ ਦਿਆਂ ਹੁਕਮਾਂ ਨੂੰ ਮੰਨਦੇ ਹਨ।" ਯੂਨਾਨੀ ਵਿਚ, ਦੋ ਵਾਕ "ਆਪਣੇ ਬਸਤ੍ਰ ਧੋ ਲੈਂਦੇ ਹਨ" (πλύνοντες τὰς στολὰς αὐτῶν, *ਪਲੁਨੋਂਟੇਸ ਟੇਸ ਸਟਾਲਾਸੌਂਟੋਨ*) ਅਤੇ "ਉਸ ਦੇ ਹੁਕਮਾਂ ਨੂੰ ਮੰਨਦੇ ਹਨ" (ποιοῦντες τὰς ἐντολὰς αὐτοῦ, *ਪੋਇਵਾਂਟੇਸ ਟਾਸ ਏਨਟੋਲਾਸ ਆਟੋਯੂ*) ਵੇਖਣ ਵਿਚ ਸਾਮਾਨ ਹਨ। ਮੂਲਲਿਖਤੀ ਸਬੂਤ "ਆਪਣੇ ਬਸਤ੍ਰ ਧੋ ਲੈਂਦੇ ਹਨ" ਦੇ ਪੱਖ ਵਿਚ ਹੈ, ਪਰ ਦੋਵਾਂ ਵਾਕਾਂ ਦਾ ਅਰਥ ਮੂਲ ਰੂਪ ਵਿਚ ਇੱਕੋ ਹੀ ਹੈ।

ਜਿਵੇਂ ਅਸੀਂ ਅਧਿਆਇ 7 ਵਿਚ ਵੇਖਿਆ ਸੀ, ਅਸੀਂ ਉਸ ਦੀ ਇੱਛਾ ਦਾ ਪਾਲਣ ਕਰਨ ਦੇ ਦੁਆਰਾ ਯਿਸੂ ਦੇ ਲਹੂ ਦੇ ਨਾਲ "ਆਪਣੇ ਬਸਤ੍ਰ ਧੋ ਲੈਂਦੇ ਹਾਂ" (7:14 ਤੇ ਟਿੱਪਣੀਆਂ ਵੇਖੋ)। ਜਦੋਂ ਤਕ ਅਸੀਂ ਆਪਣੇ ਜੀਵਨ ਪਰਮੇਸ਼ੁਰ ਨੂੰ ਸਮਰਪਿਤ ਕਰਨ ਦੇ ਲਈ ਤਿਆਰ ਨਹੀਂ ਹੁੰਦੇ ਹਾਂ, ਉਦੋਂ ਤੱਕ ਅਸੀਂ ਸਵਰਗ ਵਿਚ ਦਾਖਲ ਨਹੀਂ ਹੋ ਸਕਦੇ ਹਾਂ। ਜਿਨ੍ਹਾਂ ਲੋਕਾਂ ਨੂੰ ਜੀਵਨ ਦੇ ਬਿਰਛ ਤੇ ਅਧਿਕਾਰ ਹੈ ਉਹ ਸਿਰਫ ਉਹ ਲੋਕ ਹਨ "ਜਿਹੜੇ ਆਪਣੇ ਬਸਤ੍ਰ ਧੋ ਲੈਂਦੇ ਹਨ।" ਫਿਰ ਵੀ, ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਇਸ ਗੱਲ ਨੂੰ ਯਾਦ ਰੱਖੀਏ ਕਿ ਅਸੀਂ ਆਪਣੀ ਮੁਕਤੀ ਨੂੰ ਖੁਦ ਨਹੀਂ ਕਮਾ ਸਕਦੇ ਹਾਂ। ਸਾਨੂੰ ਇਹ ਕਦੀ ਵੀ ਭੁੱਲਣਾ ਨਹੀਂ ਚਾਹੀਦਾ ਹੈ ਕਿ ਜੋ ਸਾਡੇ "ਬਸਤ੍ਰ" ਧੋਂਦਾ ਹੈ ਉਹ ਮਸੀਹ ਦਾ ਲਹੂ ਹੈ (7:14)। ਅਸੀਂ ਪਰਮੇਸ਼ੁਰ ਦੀ ਅਚਰਜ *ਦਯਾ* ਦੇ ਰਾਹੀਂ ਬਚਾਏ ਗਏ ਹਾਂ।

**ਆਇਤ 15.** ਅਸੀਂ ਇਹ ਸਿੱਖਿਆ ਹੈ ਕਿ ਸ਼ਹਿਰ *ਵਿਚ* ਕੌਣ ਹੋਵੇਗਾ (ਉਹ ਜਿਨ੍ਹਾਂ ਦੇ ਬਸਤ੍ਰ ਚਿੱਟੇ ਹਨ)। ਹੁਣ ਸਾਨੂੰ ਦੱਸਿਆ ਗਿਆ ਹੈ ਕਿ ਉੱਥੇ ਕੌਣ ਨਹੀਂ ਹੋਣਗੇ: **ਬਾਹਰ ਹਨ ਕੁੱਤੇ, ਜਾਦੂਗਰ, ਹਰਾਮਕਾਰ, ਖੂਨੀ, ਮੂਰਤੀਪੂਜਕ ਅਤੇ ਹਰ ਕੋਈ ਜਿਹੜਾ ਝੂਠ ਨੂੰ ਪਸੰਦ ਕਰਦਾ ਅਤੇ ਕਮਾਉਂਦਾ ਹੈ।** ਪਾਠਕ ਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਬੁਰੇ ਲੋਕ ਨਿਆਂ ਦੇ ਦਿਨ ਦੇ ਪਿੱਛੋਂ ਯਸ਼ਬ ਦੀਆਂ ਦੀਵਾਰਾਂ ਦੇ ਬਾਹਰਵਾਰ ਘੁੰਮਦੇ-ਫਿਰਦੇ ਰਹਿਣਗੇ। **ਬਾਹਰ** ਦਾ ਮਤਲਬ ਸਿਰਫ ਇਹ ਹੈ ਕਿ ਉਹ "ਅੰਦਰ" ਨਹੀਂ ਹੋਣਗੇ। 21:8 ਆਇਤ ਦੇ ਸ਼ਬਦ ਇਸ ਗੱਲ ਨੂੰ ਸਪੱਸ਼ਟ ਕਰਦੇ ਹਨ ਕਿ ਜਿਨ੍ਹਾਂ ਲੋਕਾਂ ਦੀ ਸੂਚੀ 22:15 ਵਿਚ ਦਿੱਤੀ ਗਈ ਹੈ ਉਹ ਅੱਗ ਦੀ ਝੀਲ ਵਿਚ ਸੁੱਟ ਦਿੱਤੇ ਜਾਣਗੇ, ਜਿਸ ਨੂੰ ਕਿਸੇ ਹੋਰ ਸਥਾਨ ਤੇ "*ਬਾਹਰ* ਦੇ ਅੰਧਘੋਰ" ਕਿਹਾ ਗਿਆ ਹੈ (ਮੱਤੀ 8:12; ਜ਼ੋਰ ਦਿੱਤਾ ਗਿਆ ਹੈ)।

ਸ਼ਬਦ **ਕੁੱਤੇ** ਨੂੰ ਛੱਡ ਕੇ 22:15 ਵਿਚ ਪਾਈ ਜਾਣ ਵਾਲੀ ਅਧਰਮੀ ਲੋਕਾਂ ਦੀ ਸੂਚੀ 21:8 ਵਿਚ ਪਾਈ ਜਾਣ ਵਾਲੀ ਸੂਚੀ ਦੇ ਸਮਾਨ ਹੈ (21:8 ਤੇ ਟਿੱਪਣੀਆਂ ਵੇਖੋ)। ਇਸ ਸ਼ਬਦ ਨੂੰ ਸਮਝਣ ਦੇ ਲਈ, ਇੱਕ ਪਾਲਤੂ ਕਤੂਰੇ ਦੇ ਬਾਰੇ ਨਾ ਸੋਚੋ, ਸਗੋਂ ਇੱਕ ਅਜਿਹੇ ਗੰਦੇ ਕੁੱਤੇ ਦੇ ਬਾਰੇ ਸੋਚੋ ਜਿਸ ਨੂੰ ਪਿੱਸੂ-ਕੱਟ ਰਹੇ ਹੋਣ ਅਤੇ ਖੁਰਕ ਪਈ ਹੋਈ ਹੋਵੇ। ਜਦੋਂ ਪਰਕਾਸ਼ ਦੀ ਪੋਥੀ ਲਿਖੀ ਗਈ ਸੀ, ਉਸ ਸਮੇਂ ਕੱਟਣ ਵਾਲੇ ਕੁੱਤਿਆਂ ਨੂੰ ਗੱਡੀਆਂ ਵਿਚ ਭਰ ਕੇ ਗੰਦਗੀ ਸਮਝ ਕੇ ਦੂਰ ਕਰ

ਦਿੱਤਾ ਜਾਂਦਾ ਸੀ। ਪਵਿੱਤਰ ਬਾਈਬਲ ਕਈ ਵਾਰ ਇਸ ਸ਼ਬਦ ਦੀ ਵਰਤੋਂ ਅਧਰਮੀ ਲੋਕਾਂ ਨੂੰ ਦਰਸਾਉਣ ਦੇ ਲਈ ਕਰਦੀ ਹੈ (ਵੇਖੋ ਬਿਵਸਥਾ ਸਾਰ 23:18; ਜ਼ਬੂਰਾਂ ਦੀ ਪੋਥੀ 22:16, 20; ਯਸਾਯਾਹ 56:10, 11; ਮੱਤੀ 7:6; ਫ਼ਿਲਿੱਪੀਆਂ 3:2), ਅਤੇ ਸਪੱਸ਼ਟ ਰੂਪ ਵਿਚ ਇੱਥੇ ਵੀ ਇਸ ਦਾ ਇਹੋ ਹੀ ਅਰਥ ਹੈ।

## ਪਵਿੱਤਰ ਆਤਮਾ ਅਤੇ ਲਾੜੀ ਦਾ ਸੱਦਾ (22:16, 17)

**16ਮੈਂ ਯਿਸੂ ਨੇ ਕਲੀਸਿਯਾਂ ਦੇ ਲਈ ਇਨ੍ਹਾਂ ਗੱਲਾਂ ਦੀ ਸਾਖੀ ਦੇਣ ਨੂੰ ਤੁਹਾਡੇ ਕੋਲ ਆਪਣਾ ਦੂਤ ਘੱਲਿਆ ਹੈ। ਮੈਂ ਦਾਊਦ ਦੀ ਜੜ੍ਹ ਅਤੇ ਅੰਸ ਹਾਂ। ਮੈਂ ਸਵੇਰ ਦਾ ਉੱਜਲ ਤਾਰਾ ਹਾਂ।**
**17ਆਤਮਾ ਅਤੇ ਲਾੜੀ ਆਖਦੀ ਹੈ, ਆਓ! ਜਿਹੜਾ ਸੁਣਦਾ ਹੋਵੇ ਉਹ ਕਹੇ ਆਓ! ਅਤੇ ਜਿਹੜਾ ਤਿਹਾਇਆ ਹੋਵੇ ਉਹ ਆਵੇ। ਜਿਹੜਾ ਚਾਹੇ ਅੰਮ੍ਰਿਤ ਜਲ ਮੁਖਤ ਲਵੇ।**

**ਆਇਤ 16.** ਪਹਿਲੇ ਅਧਿਆਇ ਵਿਚ ਯੂਹੰਨਾ ਨੇ "ਉਨ੍ਹਾਂ ਸੱਤਾਂ ਕਲੀਸਿਯਾਂ ਨੂੰ ਜਿਹੜੀਆਂ ਅਸਿਯਾ ਵਿੱਚ ਹਨ" ਸੰਬੋਧਤ ਕੀਤਾ (1:4; ਵੇਖੋ 1:11)। ਆਖਰੀ ਅਧਿਆਇ ਵਿਚ ਪ੍ਰਭੂ ਨੇ ਯੂਹੰਨਾ ਨੂੰ ਕਿਹਾ, **ਮੈਂ ਯਿਸੂ ਨੇ ਕਲੀਸਿਯਾਂ ਦੇ ਲਈ ਇਨ੍ਹਾਂ ਗੱਲਾਂ ਦੀ ਸਾਖੀ ਦੇਣ ਨੂੰ ਤੁਹਾਡੇ ਕੋਲ ਆਪਣਾ ਦੂਤ ਘੱਲਿਆ ਹੈ। ਫਿਰ, ਪਰਮੇਸ਼ੁਰ ਨੇ ਸਥਾਨਕ ਮੰਡਲੀ ਦੇ ਮਹੱਤਵ ਤੇ ਜ਼ੋਰ ਦਿੱਤਾ।** ਉਸ ਨੇ ਯਕੀਨ ਦਿਵਾਇਆ ਕਿ ਇਹ ਸੰਪੂਰਣ ਪੋਥੀ ਪੂਰੀ ਤਰ੍ਹਾਂ ਦੇ ਨਾਲ ਸਥਾਨਕ ਕਲੀਸੀਆਵਾਂ ਦੀ ਮਦਦ ਕਰਨ ਅਤੇ ਉਨ੍ਹਾਂ ਨੂੰ ਮਜ਼ਬੂਤ ਬਣਾਉਣ ਦੇ ਲਈ ਲਿਖੀ ਗਈ ਸੀ।

ਅਸਲੀ ਮੂਲ ਲਿਖਤ ਵਿਚ, **ਮੈਂ ਯਿਸੂ** ਤੇ ਜ਼ੋਰ ਦਿੱਤਾ ਗਿਆ ਹੈ (ਆਇਤ 8 ਤੇ ਟਿੱਪਣੀਆਂ ਵੇਖੋ)। ਪਰਕਾਸ਼ ਦੀ ਪੋਥੀ ਦੇ ਸ਼ੁਰੂਆਤੀ ਸ਼ਬਦ ਇਸ ਗੱਲ ਦੀ ਘੋਸ਼ਣਾ ਕਰਦੇ ਹਨ ਕਿ ਇਹ "ਯਿਸੂ ਮਸੀਹ ਦਾ ਪਰਕਾਸ਼ ਹੈ" (1:1)। ਸੰਪੂਰਣ ਪੋਥੀ ਵਿਚ, ਯਿਸੂ ਕੇਂਦਰ ਰਿਹਾ ਹੈ। ਜਿਵੇਂ ਅਸੀਂ ਵੇਖਿਆ ਹੈ, ਕਿ ਉਹ ਅੰਤਿਮ ਹਵਾਲਿਆਂ ਵਿਚ ਵੀ ਕੇਂਦਰ ਹੈ। ਉਸ ਨੇ ਬਾਰ-ਬਾਰ ਕਿਹਾ ਹੈ, "ਮੈਂ ਛੇਤੀ ਆਉਂਦਾ ਹਾਂ" (ਆਇਤਾਂ 7, 12, 20)। ਉਸ ਨੂੰ "ਅਲਫਾ ਅਤੇ ਓਮੇਗਾ, ਪਹਿਲਾ ਅਤੇ ਆਖਰੀ, ਆਦ ਅਤੇ ਅੰਤ" ਕਿਹਾ ਗਿਆ ਹੈ (ਆਇਤ 13)। ਹੁਣ, ਉਸ ਦਾ ਵਰਣਨ ਇਸ ਪ੍ਰਕਾਰ ਕੀਤਾ ਗਿਆ ਹੈ **ਮੈਂ ਦਾਊਦ ਦਾ ਜੜ੍ਹ ਅਤੇ ਅੰਸ ਹਾਂ, ਮੈਂ ਸਵੇਰ ਦਾ ਉੱਜਲ ਤਾਰਾ ਹੈਂ** (ਵੇਖੋ ਯਸਾਯਾਹ 11:1; 5:5 ਤੇ ਟਿੱਪਣੀਆਂ ਵੇਖੋ)।

ਵਾਕ **ਦਾਊਦ ਦੀ ਜੜ੍ਹ ਅਤੇ ਅੰਸ** ਨੇ ਦਾਅਵਾ ਕੀਤਾ ਹੈ ਕਿ, ਆਪਣੀ ਈਸ਼ੁਰਤਾਈ ਵਿਚ, ਯਿਸੂ ਦਾਊਦ ਦੀ ਰੇਖਾ ਦਾ ਸੋਮਾ ਸੀ ("ਜੜ੍ਹ") ਸੀ, ਅਤੇ, ਆਪਣੀ ਮਨੁੱਖਤਾ ਵਿਚ, ਉਹ ਦਾਊਦ ਦੀ "ਸੰਤਾਨ" ਸੀ। ਪੁਰਾਣੇ ਨੇਮ ਦਾ ਹਰੇਕ ਦਾਊਦਿਕ ਵਾਇਦਾ ਯਿਸੂ ਦੇ ਜਨਮ, ਜੀਵਨ, ਮੌਤ, ਦੁਬਾਰਾ ਜੀ ਉੱਠਣ, ਅਤੇ ਅਸਮਾਨ ਤੇ ਚੁੱਕ ਲਏ ਜਾਣ ਦੇ ਵਿਚ ਪੂਰਾ ਹੋਇਆ ਸੀ (ਵੇਖੋ ਰਸੂਲਾਂ ਦੇ ਕਰਤੱਬ 2:24-36)। ਜਿਵੇਂ ਇਸ ਟਿੱਪਣੀ ਵਿਚ ਪਹਿਲਾਂ ਦੱਸਿਆ ਗਿਆ ਹੈ, ਯਿਸੂ *ਹੁਣ* ਸਵਰਗ ਵਿਚ ਦਾਊਦ ਦੀ ਰਾਜ ਗੱਦੀ ਉੱਤੇ ਬੈਠਾ ਹੋਇਆ ਹੈ।

ਇਸ ਗੱਲ ਦੇ ਉੱਤੇ ਵੀ ਜ਼ੋਰ ਦਿੱਤਾ ਗਿਆ ਹੈ ਕਿ ਯਿਸੂ **ਸਵੇਰ ਦਾ ਉੱਜਲ ਤਾਰਾ** ਹੈ। ਯਿਸੂ ਨੇ ਥੂਆਤੀਰੇ ਦੇ ਜਿੱਤਣ ਵਾਲਿਆਂ ਨੂੰ ਕਿਹਾ ਕਿ ਉਹ ਉਨ੍ਹਾਂ ਨੂੰ "ਸਵੇਰ ਦਾ ਤਾਰਾ" ਦੇਵੇਗਾ (2:28)। ਸਵੇਰ ਦਾ ਤਾਰਾ ਉੱਜਲ ਪਰਕਾਸ਼ ਹੁੰਦਾ ਹੈ ਜੋ ਪੌਹ ਫੁੱਟਣ ਤੋਂ ਥੋੜੀ ਦੇਰ ਪਹਿਲਾਂ ਅਕਾਸ਼ ਵਿਚ, ਆਮ ਤੌਰ ਤੇ ਖਿਤਿਜ ਦੇ ਨੇੜੇ ਚਮਕਦਾ ਹੈ। ਇਹ ਇੱਕ ਨਵੇਂ ਦਿਨ ਦੀ ਸ਼ੁਰੂਆਤ ਕਰਦਾ ਹੈ (2:28 ਤੇ ਟਿੱਪਣੀਆਂ ਵੇਖੋ)। ਪਰਕਾਸ਼ ਦੀ ਪੋਥੀ ਵਿਚ ਯਿਸੂ ਦੇ ਵਿਸ਼ੇ ਵਿਚ ਆਖਰੀ ਸ਼ਬਦ ਇਹ ਹੈ ਕਿ ਉਹ ਸਾਡੀ *ਆਸ* ਦਾ ਸੋਮਾ ਹੈ।

**ਆਇਤ 17.** ਸਾਡੇ ਪ੍ਰਭੂ ਦੀ ਮੇਹਰਬਾਨੀ ਇਸ ਸੱਦੇ ਵਿਚ ਪਰਗਟ ਕੀਤੀ ਗਈ ਹੈ: **ਆਤਮਾ ਅਤੇ ਲਾੜੀ ਆਖਦੀ ਹੈ, ਆਓ! ਜਿਹੜਾ ਸੁਣਦਾ ਹੋਵੇ ਉਹ ਕਹੇ ਆਓ! ਅਤੇ ਜਿਹੜਾ ਤਿਹਾਇਆ ਹੋਵੇ ਉਹ ਆਵੇ।** (ਯਸਾਯਾਹ 55:1 ਦੇ ਨਾਲ ਤੁਲਨਾ ਕਰੋ।) ਕਈ ਲੇਖਕ ਵਿਸ਼ਵਾਸ ਕਰਦੇ ਹਨ ਕਿ ਪਹਿਲੇ ਦੋ "ਆਓ" ਯਿਸੂ ਨੂੰ ਸੰਬੋਧਤ ਕਰਦੇ ਹਨ, ਜਿਵੇਂ ਆਇਤ 20 ਵਿਚ ਹੈ, ਜਦਕਿ ਸਿਰਫ ਤੀਸਰਾ "ਆਓ" ਗੁਆਚਿਆਂ ਹੋਇਆਂ ਨੂੰ ਸੰਬੋਧਤ ਕਰਦਾ ਹੈ। ਜ਼ਿਆਦਾ ਸੰਭਾਵਨਾ ਇਹ ਹੈ ਕਿ ਤਿੰਨੇ ਸਮਾਂਤਰ ਹੁੰਦੇ ਹਨ ਅਤੇ ਹਰੇਕ ਦੁਆਰਾ ਉਨ੍ਹਾਂ ਲੋਕਾਂ ਨੂੰ ਸੰਬੋਧਤ ਕੀਤਾ ਜਾਂਦਾ ਹੈ ਜਿਨ੍ਹਾਂ ਨੂੰ ਪ੍ਰਭੂ ਦੇ ਕੋਲ ਆਉਣ ਦੀ ਲੋੜ ਹੁੰਦੀ ਹੈ।

**ਆਤਮਾ** ਪਵਿੱਤਰ ਆਤਮਾ ਹੈ, ਜੋ ਪਰਕਾਸ਼ ਦੀ ਪੋਥੀ ਨੂੰ ਪ੍ਰੇਰਿਤ ਕਰਦਾ ਹੈ (2:7; 14:13) ਜਿਵੇਂ ਉਹ ਬਾਕੀ ਸਾਰੀ ਬਾਈਬਲ ਨੂੰ ਵੀ ਪ੍ਰੇਰਿਤ ਕਰਦਾ ਹੈ (2 ਪਤਰਸ 1:21)। ਪਰਕਾਸ਼ ਦੀ ਪੋਥੀ ਵਿਚ **ਲਾੜੀ** ਕਲੀਸੀਆ ਹੈ, ਉਹ ਲੋਕ ਜੋ ਯਿਸੂ ਦੇ ਲਹੂ ਦੇ ਦੁਆਰਾ ਬਚਾਏ ਗਏ ਹਨ। ਮੱਤੀ 28:19 ਵਿਚਲੇ ਆਤਮਾ ਦੇ ਸ਼ਬਦਾਂ ਤੋਂ ਪ੍ਰੇਰਿਤ ਹੋ ਕੇ, ਕਲੀਸੀਆ ਹਰੇਕ ਨੂੰ ਵਿਸ਼ਵਾਸਯੋਗ ਲੋਕਾਂ ਦੇ ਨਾਲ ਵਾਇਦਾ ਕੀਤੀਆਂ ਹੋਈਆਂ ਅਸੀਸਾਂ ਵਿਚ ਸ਼ਾਮਲ ਹੋਣ ਦਾ ਸੱਦਾ ਦਿੰਦੀ ਹੈ। ਕਿਉਂਕਿ ਇਹ ਸੱਦਾ ਸਭਨਾਂ ਦੇ ਲਈ ਹੈ, ਇਸ ਲਈ ਹਰ ਕੋਈ ਜੋ ਸੁਣਦਾ ਹੈ ਉਹ ਇਸ ਸੱਦੇ ਨੂੰ ਅੱਗੇ ਦਿੰਦਾ ਹੈ: **ਆਓ।**

ਇੱਕ ਰੂਹਾਨੀ ਪਿਆਸ ਨੇ ਧਰਤੀ ਨੂੰ ਭਰ ਦਿੱਤਾ ਹੈ, ਕਿਉਂਕਿ ਲੋਕਾਂ ਨੇ ". . . ਤਿਆਗ ਦਿੱਤਾ, ਜੀਉਂਦੇ ਪਾਣੀ ਦੇ ਸੋਤੇ ਨੂੰ, ਆਪਣੇ ਲਈ ਚੁਬੱਚੇ ਪੁੱਟੇ, ਟੁੱਟੇ ਹੋਏ ਚੁਬੱਚੇ, ਜਿਨ੍ਹਾਂ ਵਿੱਚ ਪਾਣੀ ਨਹੀਂ ਠਹਿਰਦਾ" (ਯਿਰਮਿਯਾਹ 2:13)। ਸੰਸਾਰ ਆਪਣੇ ਸੋਨੇ ਦੇ ਕਟੋਰਿਆਂ ਦੀ ਪੇਸ਼ਕਸ਼ ਕਰਦਾ ਹੈ ਜੋ "ਘਿਣਾਉਣੀਆਂ ਵਸਤਾਂ" ਨਾਲ ਭਰੇ ਹੋਏ ਹਨ (ਪਰਕਾਸ਼ ਦੀ ਪੋਥੀ 17:4), ਅਤੇ ਮਨੁੱਖ ਜਾਤੀ ਗਹਿਰਾਈ ਨਾਲ ਉਨ੍ਹਾਂ ਤੋਂ ਪੀਂਦੀ ਹੈ; ਪਰ ਇਸ ਦੇ ਨਾਲ ਉਨ੍ਹਾਂ ਦੀ ਪਿਆਸ ਹੋਰ ਵੀ ਕਿਤੇ ਵੱਧ ਭੜਕ ਜਾਂਦੀ ਹੈ। ਸਿਰਫ ਇੱਕ ਹੈ ਜੋ ਇਸ ਅੰਦਰੂਨੀ ਪਿਆਸ ਨੂੰ ਸੰਤੁਸ਼ਟ ਕਰ ਸਕਦਾ ਹੈ ਉਹ ਇਹ ਸੱਦਾ ਦਿੰਦਾ ਹੈ: **ਅਤੇ ਜਿਹੜਾ ਤਿਹਾਇਆ ਹੋਵੇ ਉਹ ਆਵੇ। ਜਿਹੜਾ ਚਾਹੇ ਅੰਮ੍ਰਿਤ ਜਲ ਮੁਖਤ ਲਵੇ।**

**ਮੁਖਤ** ਸ਼ਬਦ ਦਿਲਚਸਪ ਹੈ। ਇੱਥੋਂ ਤਕ ਕਿ ਭਾਵੇਂ ਇੱਕ ਵਿਅਕਤੀ ਦੇ ਕੋਲ ਮਹਾਨ ਦੌਲਤ ਹੋਵੇ ਪਰ ਤਾਂ ਵੀ ਉਹ **ਅੰਮ੍ਰਿਤ ਜਲ** ਨੂੰ ਨਹੀਂ ਪਾ ਸਕਦਾ ਹੈ, ਪਰ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਭਾਵੇਂ ਇੱਕ ਵਿਅਕਤੀ ਦੇ ਕੋਲ ਇੱਕ ਧੇਲਾ ਵੀ ਨਾ ਹੋਵੇ – ਕਿਉਂਕਿ ਇਹ "ਮੁਖਤ" ਹੈ। ਫਿਰ ਵੀ, ਇਸ ਨੂੰ ਪਰਾਪਤ ਕਰਨ ਦੇ ਲਈ, ਇੱਕ ਵਿਅਕਤੀ ਨੂੰ ਜ਼ਰੂਰ ਉੱਥੇ "ਆਉਣਾ" ਪਵੇਗਾ ਜਿੱਥੋਂ ਉਹ ਇਸ ਦੇ ਲਾਭ ਹਾਸਲ ਕਰ ਸਕੇ। ਤੁਸੀਂ ਕਿਰਪਾ ਤੋਂ ਬਿਨਾਂ ਬਚਾਏ ਨਹੀਂ ਜਾ ਸਕਦੇ ਹੋ – ਪਰ ਤੁਸੀਂ ਉਸ ਸਮੇਂ ਤਕ ਇਸ ਦੇ ਦੁਆਰਾ ਬਚਾਏ ਨਹੀਂ ਜਾ ਸਕਦੇ ਹੋ ਜਦੋਂ ਤਕ ਤੁਸੀਂ ਆਪਣੀ ਲੋੜ ਨੂੰ ਨਹੀਂ *ਪਹਿਚਾਣਦੇ* (ਮੱਤੀ 5:6) ਅਤੇ ਪ੍ਰਭੂ ਦੇ ਕੋਲ ਨਹੀਂ ਆਉਂਦੇ ਹੋ।

## ਸੰਦੇਸ਼ ਦੀ ਗਵਾਹੀ (22:18-21)

**[18]ਮੈਂ ਹਰ ਇੱਕ ਦੇ ਅੱਗੇ ਜਿਹੜਾ ਇਸ ਪੋਥੀ ਦੇ ਅਗੰਮ ਵਾਕ ਦੀਆਂ ਬਾਣੀਆਂ ਸੁਣਦਾ ਹੈ ਸਾਖੀ ਦਿੰਦਾ ਹਾਂ। ਜੇ ਕੋਈ ਇਨ੍ਹਾਂ ਵਿੱਚ ਕੁਝ ਵਧਾਵੇ ਤਾਂ ਓਹ ਬਵਾਂ ਜਿਹੜੀਆਂ ਇਸ ਪੋਥੀ ਵਿੱਚ ਲਿਖੀਆਂ ਹੋਈਆਂ ਹਨ ਪਰਮੇਸ਼ੁਰ ਉਸ ਦੇ ਉੱਤੇ ਵਧਾਵੇਗਾ। [19]ਅਤੇ ਜੇ ਕੋਈ ਇਸ ਅਗੰਮ ਵਾਕ ਦੀ ਪੋਥੀ ਦੀਆਂ ਬਾਣੀਆਂ ਵਿੱਚੋਂ ਕੁਝ ਘਟਾਵੇ ਤਾਂ ਜੀਵਨ ਦੇ ਬਿਰਛ ਤੋਂ ਅਤੇ ਪਵਿੱਤਰ ਨਗਰੀ ਵਿੱਚੋਂ ਅਰਥਾਤ ਉਨ੍ਹਾਂ ਗੱਲਾਂ ਵਿੱਚੋਂ ਜਿਹੜੀਆਂ ਇਸ ਪੋਥੀ ਵਿੱਚ ਲਿਖੀਆਂ**

**ਹੋਈਆਂ ਹਨ ਪਰਮੇਸ਼ੁਰ ਉਹ ਦਾ ਹਿੱਸਾ ਘਟਾਵੇਗਾ। [20]ਜਿਹੜਾ ਇਨ੍ਹਾਂ ਗੱਲਾਂ ਦੀ ਸਾਖੀ ਦਿੰਦਾ ਹੈ ਉਹ ਆਖਦਾ ਹੈ ਭਈ ਹਾਂ, ਮੈਂ ਛੇਤੀ ਆਉਂਦਾ ਹਾਂ। ਆਮੀਨ। ਹੇ ਪ੍ਰਭੁ ਯਿਸੂ, ਆਓ!**
**[21]ਪ੍ਰਭੁ ਯਿਸੂ ਦੀ ਕਿਰਪਾ ਸੰਤਾਂ ਦੇ ਉੱਤੇ ਹੋਵੇ। ਆਮੀਨ।**

**ਆਇਤਾਂ 18, 19.** ਕਿਉਂਕਿ ਬਾਈਬਲ ਪਰਮੇਸ਼ੁਰ ਵੱਲੋਂ ਹੈ, ਇਸ ਲਈ ਸਾਨੂੰ ਇਸ ਦਾ ਆਦਰ ਕਰਨਾ ਚਾਹੀਦਾ ਹੈ। ਇਸ ਵਿਚਾਰ ਨੂੰ ਆਇਤਾਂ 18 ਅਤੇ 19 ਵਿਚ ਪਾਏ ਜਾਣ ਵਾਲੇ ਸ਼ਕਤੀਸ਼ਾਲੀ ਸ਼ਬਦਾਂ ਦੀ ਤੁਲਨਾ ਵਿਚ ਹੋਰ ਕਿਸੇ ਵੀ ਸਥਾਨ ਤੇ ਵਧੇਰੇ ਸ਼ਕਤੀਸ਼ਾਲੀ ਰੂਪ ਵਿਚ ਪਰਗਟ ਨਹੀਂ ਕੀਤਾ ਗਿਆ ਹੈ। ਪਰਕਾਸ਼ ਦੀ ਪੋਥੀ ਵਿਚਲੀਆਂ ਭਿਆਨਕ **ਬਵਾਂ** ਦੇ ਵਿਸ਼ੇ ਵਿਚ ਸੋਚੋ; **ਜੇ ਕੋਈ** ਪੁਸਤਕ ਵਿਚ ਕੁਝ **ਵਧਾਵੇ** ਤਾਂ ਉਸ ਉਹ ਉਨ੍ਹਾਂ ਬਵਾਂ ਨਾਲ ਸਰਾਪਤ ਹੋਵੇਗਾ। **ਜੀਵਨ ਦੇ ਬਿਰਛ** ਸਮੇਤ ਸਵਰਗ ਦੀਆਂ ਅਦਭੁੱਤ ਅਸੀਸਾਂ ਨੂੰ ਯਾਦ ਕਰੋ; **ਜੇ ਕੋਈ** ਇਸ ਪੋਥੀ ਵਿਚ **ਕੁਝ ਘਟਾਵੇ** ਤਾਂ ਉਹ ਇਨ੍ਹਾਂ ਅਸੀਸਾਂ ਦਾ ਅਨੰਦ ਨਹੀਂ ਮਾਣ ਸਕਦਾ ਹੈ।

ਨਵੇਂ ਨੇਮ ਦੀ ਹੋਰ ਕੋਈ ਵੀ ਪੁਸਤਕ ਅਜਿਹੇ ਅਸ਼ੁਭ ਖਤਰਿਆਂ ਦੇ ਨਾਲ ਬੰਦ ਨਹੀਂ ਹੁੰਦੀ ਹੈ। ਇਨ੍ਹਾਂ ਨੂੰ ਪਰਕਾਸ਼ ਦੀ ਪੋਥੀ ਵਿਚ ਕਿਉਂ ਸ਼ਾਮਲ ਕੀਤਾ ਗਿਆ ਸੀ? ਸ਼ਾਇਦ ਪਰਮੇਸ਼ੁਰ ਇਹ ਉਮੀਦ ਸੀ ਕਿ ਮਨੁੱਖ ਜਾਤੀ ਕਿਵੇਂ ਇਸ ਪੁਸਤਕ ਦੀ ਦੁਰਵਰਤੋਂ ਕਰੇਗੀ। ਸ਼ਾਇਦ ਉਹ ਲੋਕਾਂ ਨੂੰ ਇਸ ਗੱਲ ਤੋਂ ਜਾਣੂ ਕਰਵਾਉਣਾ ਚਾਹੁੰਦਾ ਸੀ ਕਿ ਉਹ ਇਸ ਗੱਲ ਨੂੰ ਜਾਣਦਾ ਹੈ ਕਿ ਉਹ ਆਪਣੇ ਵਿਚਾਰਾਂ ਨੂੰ ਇਸ ਵਿਚ ਪਾਉਣ ਦੀ ਕੋਸ਼ਿਸ਼ ਕਰਨਗੇ, ਅਰਥਾਤ ਕੁਝ ਲੋਕ ਉਨ੍ਹਾਂ ਭਾਗਾਂ ਨੂੰ ਹਟਾਉਣ ਦੀ ਕੋਸ਼ਿਸ਼ ਕਰਨਗੇ ਜੋ ਉਨ੍ਹਾਂ ਦੇ ਧਰਮ ਸ਼ਾਸਤਰ ਦੇ ਨਾਲ ਸਹਿਮਤ ਨਹੀਂ ਹਨ।

ਹੋ ਸਕਦਾ ਹੈ ਕਿ ਨਵੇਂ ਨੇਮ ਦੀਆਂ ਹੋਰਨਾਂ ਪੁਸਤਕਾਂ ਦੇ ਵਿਚ ਜੋੜਣ ਅਤੇ ਘਟਾਉਣ ਦੇ ਵਿਸ਼ੇ ਵਿਚ ਸ਼ਬਦ ਨਾ ਪਾਏ ਜਾਣ, ਪਰ ਇਹ ਸਾਰੀਆਂ ਲਿਖਤਾਂ ਦੇ ਪ੍ਰਤਿ ਪਰਮੇਸ਼ੁਰ ਦੇ ਦ੍ਰਿਸ਼ਟੀਕੋਣ ਨੂੰ ਪ੍ਰਤਿਬਿੰਬਿਤ ਕਰਦੇ ਹਨ। ਇਸੇ ਪ੍ਰਕਾਰ ਦੇ ਵਿਚਾਰ ਬਾਈਬਲ ਦੇ ਸ਼ੁਰੂਆਤੀ ਹਿੱਸੇ ਦੇ ਆਸ-ਪਾਸ ਪਾਏ ਜਾਂਦੇ ਹਨ (ਬਿਵਸਥਾ ਸਾਰ 4:2) ਅਤੇ ਵਿਚਕਾਰ (ਕਹਾਉਤਾਂ 30:6)। ਪੌਲੁਸ ਨੇ ਵੀ ਅਜਿਹਾ ਹੀ ਕਿਹਾ ਜਦੋਂ ਉਸ ਨੇ ਚੇਤਾਵਨੀ ਦਿੱਤੀ ਕਿ ਜੋ ਕੋਈ ਵੀ ਮਸੀਹ ਦੀ ਇੰਜੀਲ ਨੂੰ ਵਿਗਾੜੇ ਉਹ ਸਰਾਪਤ ਹੋਵੇਗਾ (ਗਲਾਤੀਆਂ 1:6-9)।

ਵਚਨ ਵਿਚ *ਜੋੜਣ* ਦੇ ਪਾਪ ਵੱਲ ਖਾਸ ਧਿਆਨ ਦਿਓ: ਕੁਝ ਲੋਕ ਸੋਚਦੇ ਹਨ ਕਿ ਜਦੋਂ ਤਕ ਉਹ ਬਾਈਬਲ ਦੇ ਅਭਿਆਸ ਦੇ ਕਿਸੇ ਰੂਪ ਦਾ ਪਾਲਣ ਕਰਦੇ ਹਨ, ਉਦੋਂ ਤਕ ਇਸ ਵਿਚ ਕੁਝ ਜੋੜਣ ਦੇ ਨਾਲ ਜਾਂ ਇਸ ਵਿਚੋਂ ਕੁਝ ਕੱਢਣ ਦੇ ਨਾਲ ਕੋਈ ਵਿਗਾੜ ਨਹੀਂ ਪੈਂਦਾ ਹੈ। ਪਰਮੇਸ਼ੁਰ ਕਹਿੰਦਾ ਹੈ ਕਿ ਜੋ ਲੋਕ ਬਿਨਾਂ ਸੋਚੇ ਸਮਝੇ ਉਸ ਦੇ ਵਚਨ ਵਿਚ ਕੁਝ ਜੋੜਦੇ ਹਨ, ਉਹ ਲੋਕ ਉਸੇ ਤਰ੍ਹਾਂ ਹੀ ਦੋਸ਼ੀ ਹਨ ਜੋ ਉਸ ਦੀਆਂ ਸੱਚਾਈਆਂ ਨੂੰ ਖੁੱਲ੍ਹੇਆਮ ਰੱਦ ਕਰਦੇ ਹਨ।

**ਆਇਤ 20. ਜਿਹੜਾ ਇਨ੍ਹਾਂ ਗੱਲਾਂ ਦੀ ਸਾਖੀ ਦਿੰਦਾ ਹੈ ਉਹ ਆਖਦਾ ਹੈ ਭਈ ਹਾਂ, ਮੈਂ ਛੇਤੀ ਆਉਂਦਾ ਹਾਂ।** ਇਸ ਤੋਂ ਪਹਿਲਾਂ ਇਹ ਕਿਹਾ ਗਿਆ ਸੀ ਕਿ ਪਰਕਾਸ਼ ਦੀ ਪੋਥੀ ਦੀਆਂ ਆਖਰੀ ਆਇਤਾਂ ਦਾ ਮੁੱਖ ਵਿਚਾਰ ਇਹ ਹੈ ਕਿ ਮਸੀਹ ਆ ਰਿਹਾ ਹੈ (ਆਇਤ 7 ਤੇ ਟਿੱਪਣੀਆਂ ਵੇਖੋ)। ਮੁਢਲੇ ਮਸੀਹੀਆਂ ਦੇ ਲਈ ਇਹ ਵਿਚਾਰ ਬਹੁਤ ਕੀਮਤੀ ਸੀ ਕਿ ਪ੍ਰਭੂ ਵਿਸ਼ਵਾਸੀ ਲੋਕਾਂ ਨੂੰ ਇਨਾਮ ਦੇਣ ਦੇ ਲਈ ਆ ਰਿਹਾ ਹੈ (2 ਤਿਮੋਥਿਉਸ 4:8; ਤੀਤੁਸ 2:13)। ਇਸ ਨੇ ਉਨ੍ਹਾਂ ਨੂੰ ਉਨ੍ਹਾਂ ਦੀਆਂ ਪਰੀਖਿਆਵਾਂ ਵਿਚ ਸਥਿਰ ਰੱਖਿਆ; ਇਸ ਨੇ ਉਨ੍ਹਾਂ ਨੂੰ ਅੱਗੇ ਵੱਧਣ ਦੀ ਹਿੰਮਤ ਦਿੱਤੀ। ਉਨ੍ਹਾਂ ਦੇ ਕੋਲ ਇੱਕ ਪਰਗਟਾਵਾ ਸੀ, "ਮਾਰਨਾਥਾ" (1 ਕੁਰਿੰਥੀਆਂ 16:22), ਜੋ ਕਿ ਇੱਕ ਅਰਾਮੀ ਸ਼ਬਦ ਹੋ ਜਿਸ ਦਾ ਮੂਲ ਅਰਥ ਹੈ "ਆਓ, ਹੇ ਪ੍ਰਭੂ!" ਇਹ ਇਸ ਵਿਸ਼ਵਾਸ ਦਾ ਇੱਕ ਪਰਗਟਾਵਾ ਕਿ ਉਹ *ਆਵੇਗਾ* ਅਤੇ ਇੱਕ ਪ੍ਰਾਰਥਨਾ ਦੋਵੇਂ ਸੀ ਕਿ ਉਹ ਚਾਹੁੰਦੇ ਹਨ ਕਿ ਉਸ ਦੀ

ਆਮਦ ਛੇਤੀ ਹੋਵੇ। ਪਹਿਲੇ ਲੇਖਕਾਂ ਤੋਂ ਕੁਝ ਸਬੂਤ ਹੈ ਕਿ ਇਹ ਮੁਢਲੇ ਮਸੀਹੀਆਂ ਦੇ ਦੁਆਰਾ ਪ੍ਰਭੂ ਭੋਜ ਦੇ ਸਮੇਂ ਇਹ ਪ੍ਰਾਰਥਨਾ ਕੀਤੀ ਜਾਂਦੀ ਸੀ।[7] ਉਹੀ ਮਜ਼ਬੂਤ ਇੱਛਾ ਸਾਡੀ ਮੂਲਲਿਖਤ ਵਿਚ ਆਇਤ 20 ਵਿਚ ਪ੍ਰਤਿਬਿੰਬਿਤ ਹੁੰਦੀ ਹੈ: ਯਿਸੂ ਦੇ ਇਹ ਕਹਿਣ ਤੋਂ ਬਾਅਦ, **ਹਾਂ, ਮੈਂ ਛੇਤੀ ਆਉਂਦਾ ਹਾਂ**, ਯੂਹੰਨਾ ਨੇ ਉੱਤਰ ਦਿੱਤਾ, **ਆਮੀਨ। ਹੇ ਪ੍ਰਭੂ ਯਿਸੂ, ਆਓ**!

**ਆਇਤ 21.** ਅਧਿਆਇ 1 ਵਿਚ ਯੂਹੰਨਾ ਦਾ ਕਲੀਸੀਆਵਾਂ ਨੂੰ ਸਲਾਮ ਸੀ "ਕਿਰਪਾ ਅਤੇ ਸ਼ਾਂਤੀ ਤੁਹਾਨੂੰ ਹੋਵੇ" (1:4)। ਉਸ ਨੇ ਅਧਿਆਇ 22 ਨੂੰ ਇਸ ਆਸ਼ੀਰਵਾਦ ਦੇ ਨਾਲ ਸਮਾਪਤ ਕੀਤਾ: **ਪ੍ਰਭੂ ਯਿਸੂ ਦੀ ਕਿਰਪਾ ਸੰਤਾਂ ਦੇ ਉੱਤੇ ਹੋਵੇ। ਆਮੀਨ।** ਇਸ ਪ੍ਰਕਾਰ ਮਸੀਹੀਆਂ ਨੂੰ ਇਹ ਯਾਦ ਦਿਵਾਇਆ ਜਾਂਦਾ ਹੈ ਕਿ ਪਰਮੇਸ਼ੁਰ ਦੀ ਕਿਰਪਾ ਉਨ੍ਹਾਂ ਦੀ ਆਸ ਅਤੇ ਸ਼ਾਂਤੀ ਦੀ ਸ਼ੁਰੂਆਤ ਅਤੇ ਅੰਤ ਹੈ।

# ਪ੍ਰਾਸੰਗਿਕਤਾ

### "ਆਖਰੀ ਸ਼ਬਦ ਪਰਮੇਸ਼ੁਰ ਦਾ ਹੈ" (22:6-21)

22:6-21 ਦੇ ਲਈ "ਆਖਰੀ ਸ਼ਬਦ ਪਰਮੇਸ਼ੁਰ ਦਾ ਹੈ" ਸਿਰਲੇਖ ਦਿੱਤਾ ਜਾ ਸਕਦਾ ਹੈ। ਇਸ ਮੂਲਲਿਖਤ ਵਿਚ, ਘੱਟੋ ਘੱਟ ਪੰਜ ਖੇਤਰ ਹਨ ਜਿਨ੍ਹਾਂ ਵਿਚ ਅੰਤਿਮ ਸ਼ਬਦ ਪਰਮੇਸ਼ੁਰ ਦਾ ਹੈ:

1. ਲਿਖਤਾਂ (ਆਇਤਾਂ 6, 18, 19)।
2. ਯਿਸੂ (ਆਇਤਾਂ 7, 12, 13, 16, 20)।
3. ਪਰਮੇਸ਼ੁਰ (ਆਇਤਾਂ 8, 9)।
4. ਅਧੀਨਤਾ (ਆਇਤਾਂ 7, 10-12, 14, 15)।
5. ਕਿਰਪਾ (ਆਇਤਾਂ 12, 17, 21)।

### "ਕੀ ਤੁਸੀਂ ਤਿਆਰ ਹੋ?" (22:6-21)

22:6-21 ਦੇ ਲਈ ਇੱਕ ਹੋਰ ਦ੍ਰਿਸ਼ਟੀਕੋਣ ਹੋਵੇਗਾ "ਕੀ ਤੁਸੀਂ (ਮਸੀਹ ਦੀ ਆਮਦ ਦੇ ਲਈ) ਤਿਆਰ ਹੋ?" ਹੇਠਾਂ ਦਿੱਤੇ ਪ੍ਰਸ਼ਨ ਪੁੱਛੇ ਜਾ ਸਕਦੇ ਹਨ:

1. ਕੀ ਤੁਸੀਂ ਜਵਾਬਦੇਹ ਹੋ? (ਆਇਤਾਂ 6, 7)।
2. ਕੀ ਤੁਸੀਂ ਨਿਮਰ ਹੋ? (ਆਇਤਾਂ 8, 9)।
3. ਕੀ ਤੁਸੀਂ ਧਾਰਮਿਕ ਹੋ? (ਆਇਤਾਂ 10-12)।
4. ਕੀ ਤੁਸੀਂ ਛੁਡਾਏ ਹੋਏ ਹੋ? (ਆਇਤਾਂ 14-16)।
5. ਕੀ ਤੁਸੀਂ ਗ੍ਰਹਿਣਸ਼ੀਲ ਹੋ? (ਆਇਤਾਂ 16, 17)।
6. ਕੀ ਤੁਸੀਂ ਆਦਰਯੋਗ ਹੋ? (ਆਇਤਾਂ 18, 19)।
7. ਕੀ ਤੁਸੀਂ ਅਨੰਦ ਕਰ ਰਹੇ ਹੋ? (ਆਇਤਾਂ 20, 21)।

### ਪਰਕਾਸ਼ ਦੀ ਪੋਥੀ ਦਾ ਸਰਵੇਖਣ

ਜਦੋਂ ਤੁਸੀਂ ਪਰਕਾਸ਼ ਦੀ ਪੋਥੀ ਦੀ ਮੂਲਲਿਖਤ ਤੇ ਸਿੱਖਿਆ ਦੇਣਾ ਜਾਂ ਪਰਚਾਰ ਕਰਨਾ ਸਮਾਪਤ ਕਰਦੇ ਹੋ, ਤਾਂ ਤੁਸੀਂ ਸੰਪੂਰਣ ਪੁਸਤਕ ਤੇ ਦੁਬਾਰਾ ਵਿਚਾਰ ਕਰਨ ਦੇ ਲਈ ਇੱਕ ਜਾਂ ਦੋ ਸਤਰ ਲੈ ਸਕਦੇ ਹੋ। ਫਰੈਂਕ ਪੈੱਕ ਨੇ ਅਜਿਹੀ ਸਮੀਖਿਆ ਨੂੰ ਲਿਖਿਆ।[8]

ਪਰਕਾਸ਼ ਦੀ ਪੋਥੀ ਦੇ ਪਾਠ ਨੂੰ ਵਿਆਖਿਆਤਮਕ ਪਾਠਾਂ ਦੀ ਇੱਕ ਲੜੀ ਵਿਚ ਕਵਰ

ਕਰਨ ਤੋਂ ਇਲਾਵਾ, ਇਸ ਪੋਥੀ ਦੇ ਸੰਦੇਸ਼ ਦੀ ਸਿੱਖਿਆ ਦੇਣ ਦੇ ਹੋਰ ਤਰੀਕੇ ਵੀ ਹਨ। ਆਪਣੀ ਪੁਸਤਕ *ਦ ਸੇਅਰ, ਦ ਸੇਵੀਅਰ, ਐਂਡ ਦ ਸੇਵਡ* ਵਿਚ, ਜੇਮਸ ਸਟਾਰਸ ਨੇ ਸੁਝਾਅ ਦਿੱਤਾ ਕਿ ਪੋਥੀ ਨੂੰ ਵਿਸ਼ੇ ਅਨੁਸਾਰ ਸਮਝਿਆ ਜਾ ਸਕਦਾ ਹੈ: ਪਰਕਾਸ਼ ਦੀ ਪੋਥੀ ਪਰਮੇਸ਼ੁਰ, ਸਵਰਗਦੂਤਾਂ, ਸ਼ਤਾਨ, ਸਵਰਗ, ਨਰਕ, ਅਤੇ ਹੋਰਨਾਂ ਚੀਜ਼ਾਂ ਦੇ ਵਿਸ਼ੇ ਵਿਚ ਕੀ ਸਿੱਖਿਆ ਦਿੰਦੀ ਹੈ।[9] ਹਿਊਗੋ ਮੈੱਕਕਾਰਡ ਨੇ ਆਪਣੀ ਪੁਸਤਕ *ਦ ਰੌਇਲ ਰੂਟ ਆਫ਼ ਰੈਵੇਲੇਸ਼ਨ* ਨੂੰ ਪਰਕਾਸ਼ ਦੀ ਪੋਥੀ ਦੇ ਇੱਕ ਸਥਾਨਕ ਸਮੀਖਿਆ ਦੇ ਨਾਲ ਬੰਦ ਕਰ ਦਿੱਤਾ।[10]

---

## ਟਿੱਪਣੀਆਂ

[1]ਐਲਬਰਟ ਐੱਚ, ਬਲਡਿੰਜਰ, *ਪ੍ਰੀਚਿੰਗ ਫਰੋਮ ਰੈਵੇਲੇਸ਼ਨ: ਟਾਇਮਲੀ ਮੈਸੇਜਸ ਫਾਰ ਟ੍ਰਬਲਡ ਹਾਰਟਸ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੌਂਡੇਰਵਨ ਪਬਲਿਸ਼ਿੰਗ ਹਾਊਸ, 1960), 117. [2]ਰੇ ਸਮਰਸ, *ਵਰਦੀ ਇਜ਼ ਦ ਲੈਂਬ* (ਨੈਸ਼ਵਿਲ: ਬਰੋਡਮੈਨ ਪ੍ਰੈੱਸ, 1951), 214. [3]ਜੇ. ਡਬਲਿਯੂ. ਰੌਬਰਟਸ, *ਦ ਰੈਵੇਲੇਸ਼ਨ ਟੂ ਜੌਨ (ਦ ਐਪੋਕਲਿਪਸ),* ਦ ਲਿਵਿੰਗ ਵਰਡ ਕਮੈਂਟਰੀ, ਸੰਪਾ. ਏਵਰਟ ਫਰਗੂਸਨ (ਔਸਟਿਨ, ਟੈਕਸਸ: ਸਵੀਟ ਪਬਲਿਸ਼ਿੰਗ ਕੰਪਨੀ, 1974), 194. [4]ਉਸੇ ਸਥਾਨ ਤੇ, 199. [5]ਬਰਟਨ ਕੌਫ਼ਮੈਨ, *ਕਮੈਂਟਰੀ ਆਨ ਰੈਵੇਲੇਸ਼ਨ* (ਔਸਟਿਨ, ਟੈਕਸਸ: ਫਰਮ ਫਾਊਂਡੇਸ਼ਨ ਪਬਲਿਸ਼ਿੰਗ ਹਾਊਸ, 1979), 523. [6]ਫਰੈਂਕ ਪੈੱਕ, *ਰੈਵੇਲੇਸ਼ਨ,* ਭਾਗ 2 (ਔਸਟਿਨ, ਟੈਕਸਸ: ਆਰ. ਬੀ. ਸਵੀਟ ਕੰਪਨੀ, 1965), 70. [7]ਇਹ ਵਾਕ ਰੌਬਰਟਸ 201 ਤੋਂ ਲਿਆ ਗਿਆ ਹੈ। [8]ਕੌਫ਼ਮੈਨ, 528-29, 532-34. [9]ਪੈੱਕ, 75-80. [10]ਜੇਮਸ ਡੀ. ਸਟ੍ਰਾਸ, *ਦ ਸੇਅਰ, ਦ ਸੇਵੀਅਰ, ਐਂਡ ਦ ਸੇਵਡ,* ਸੋਧਿਆ ਸੰਸਕਰਣ, ਬਾਈਬਲ ਸਟੱਡੀ ਟੈਕਟਬੁੱਕ ਸੀਰੀਜ਼ (ਜੋਪਲਿਨ, ਮਿਸੌਰੀ: ਕਾੱਲਜ ਪ੍ਰੈੱਸ, 1979), 355-66.

[11]ਹਿਊਗੋ ਮੈਕਕੋਰਡ, *ਦ ਰੌਇਲ ਰੂਟ ਆਫ਼ ਰੈਵੇਲੇਸ਼ਨ* (ਨੈਸ਼ਵਿਲ: ਟਵੰਟੀਅਥ ਸੈਂਚੁਰੀ ਕ੍ਰਿਸਚਿਅਨਸ, 1976), 52-54.